
ਖ਼ੂਨਦਾਨ ਮਹਾਂਦਾਨ
ਸ਼੍ਰੀ ਹਰਿਕ੍ਰਿਸ਼ਨ ਚੈਰੀਟੇਬਲ ਸੁਸਾਇਟੀ
SHKCSP
ਮਨੁੱਖਤਾ ਦੀ ਸੇਵਾ ਲਈ
ਹਰ ਪਲ, ਹਰ ਘੜੀ, ਹਰ ਕਦਮ
ਆਪ ਜੀ ਦੀ ਸੇਵਾ ਵਿੱਚ
ਲੋੜਵੰਦ ਪਰਿਵਾਰਾਂ ਲਈ ਮਹੀਨਾਵਾਰ ਰਾਸ਼ਨ
Email : shkcsp@gmail.com www.shkcsp.com
M. : 98761-36031, 98552-21430, 98143-28141, 98557-32101

# ਦੇਸੀ ਪੰਜਾਬ

ਪੰਜਾਬੀਅਤ ਦਾ ਪਹਿਰੇਦਾਰ

Daily Epaper ਪਟਿਆਲਾ ਤੋਂ ਪ੍ਰਕਾਸ਼ਿਤ



ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ

RNI : PUNPUN/2021/80887 www.desipunjab.in DESI PUNJAB FEBRUARY Email : desipunjabchannel@gmail.com

ਮੁੱਖ ਸੰਪਾਦਕ : ਨਵਤੇਜ ਸਿੰਘ ਮੋ. : 97800-66060 ਸੰਪਾਦਕ : ਹਰਪ੍ਰੀਤ ਸਿੰਘ ਮਾਹੀ ਫੋਨ : 0175-7962519

## ਦਮਦਮੀ ਟਕਸਾਲ ਨੂੰ ਭਗਵੇਂਕਰਨ 'ਚ ਤਬਦੀਲ ਕਰਨ ਵਾਲੇ ਬਾਬਾ ਹਰਨਾਮ ਸਿੰਘ ਧੁੰਮਾ ਨੂੰ ਮੁਖੀ ਬਣਾਉਣ ਵਾਲੇ ਕੌਮ ਨੂੰ ਆਪਣੀ ਸਥਿਤੀ ਸਪੱਸ਼ਟ ਕਰਨ : ਭਾਈ ਬਲਵੰਤ ਸਿੰਘ ਗੋਪਾਲਾ/ਭਾਈ ਲਹਿਣਾ ਸਿੰਘ/ਭਾਈ ਰਣਜੀਤ ਸਿੰਘ

Desi Punjab YouTube www.desipunjab.in



ਅੰਮ੍ਰਿਤਸਰ, 8 ਫਰਵਰੀ ( ਗੁਰਪ੍ਰੀਤ ਸਿੰਘ ਡੱਬ): ਦਮਦਮੀ ਟਕਸਾਲ ਦੇ ਆਗੂਆਂ ਭਾਈ ਬਲਵੰਤ ਸਿੰਘ ਗੋਪਾਲਾ, ਭਾਈ ਲਹਿਣਾ ਸਿੰਘ ਦਮਦਮੀ ਟਕਸਾਲ ਤੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ ਨੇ ਕਿਹਾ ਕਿ ਬਾਬਾ ਹਰਨਾਮ ਸਿੰਘ ਧੁੰਮਾ ਵੱਲੋਂ ਖ਼ਾਲਸਾ ਪੰਥ ਅਤੇ ਦਮਦਮੀ ਟਕਸਾਲ ਦੇ ਸਿਧਾਂਤਾਂ, ਮਰਯਾਦਾ ਅਤੇ ਅਸੂਲਾਂ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ ਜਿਸ ਨਾਲ ਸਿੱਖ ਕੌਮ ਵਿੱਚ ਭਾਰੀ ਰੋਹ ਅਤੇ ਰੋਸ ਹੈ। ਬਾਬਾ ਧੁੰਮਾਂ ਵੱਲੋਂ ਸਿੱਖੀ ਦੇ ਨਿਆਰੇਪਨ ਨੂੰ ਖੋਰਾ ਲਾਇਆ ਜਾ ਰਿਹਾ ਹੈ ਤੇ ਉਹ ਸਿੱਖੀ ਦਾ ਹਿੰਦੂਕਰਨ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡ ਰਿਹਾ। ਪੰਥ ਵਿਰੋਧੀ ਤੇ ਹਮਾਇਤੀ ਲੋਕ ਜੋ ਸੰਤ ਜਰਨੈਲ ਸਿੰਘ ਖ਼ਾਲਸਾ ਭਿੰਡਰਾਂਵਾਲਿਆਂ ਤੇ ਭਾਈ ਅਮਰੀਕ ਸਿੰਘ ਜੀ ਦੇ ਹਮਾਇਤੀਆਂ ਨੂੰ ਬਾਬੇ ਧੁੰਮੇ ਬਾਰੇ ਵੱਟਸਅੱਪ ਪੋਸਟਾਂ ਤੇ ਫੋਟੋਆਂ ਪਾ ਕੇ ਜ਼ਲੀਲ ਤੇ ਸ਼ਰਮਸਾਰ ਕਰ ਰਹੇ ਹਨ । ਬਾਬਾ ਧੁੰਮਾਂ ਦਮਦਮੀ ਟਕਸਾਲ ਦੇ ਸ਼ਾਨਾਮੱਤੇ ਇਤਿਹਾਸ ਨੂੰ ਕਲੰਕਿਤ ਕਰ ਰਿਹਾ ਹੈ। ਪਰ ਬਾਬੇ ਧੁੰਮੇ ਨੂੰ ਟਕਸਾਲ ਦਾ ਮੁਖੀ ਬਣਾਉਣ ਵਾਲੇ ਇਹ ਸਾਰੇ ਅੱਜ ਮੂਕ ਦਰਸ਼ਕ ਬਣ ਕੇ ਤਮਾਸ਼ਾ ਦੇਖ ਰਹੇ ਹਨ ਜਿਵੇਂ ਕਿ ਭਾਈ ਈਸ਼ਰ ਸਿੰਘ ਰੋੜੇ, ਭਾਈ ਜਸਬੀਰ ਸਿੰਘ ਰੋਡੇ ਤੇ ਭਾਈ ਮੋਹਕਮ ਸਿੰਘ ਨੂੰ ਸੁਆਲਾਂ ਦੇ ਘੇਰੇ ਵਿੱਚ ਲਿਆਉਂਦਿਆਂ ਕਿਹਾ ਕਿ ਉਹ ਜਵਾਬ ਦੇਣ ਕਿ ਅਜਿਹੇ ਸਿਧਾਂਤਹੀਣ ਅਤੇ ਬੌਣੇ ਬੰਦੇ ਨੂੰ ਕਿਸ ਯੋਗਤਾ ਤਹਿਤ ਐਨੀ ਵੱਡੀ ਜਥੇਬੰਦੀ ਦੀ ਜ਼ੁਮੇਵਾਰੀ ਕਿਉਂ ਅਤੇ ਕਿਸ ਦੇ ਕਹਿਣ ਤੇ ਸੌਂਪੀ ਅਤੇ ਹੁਣ ਸਾਰੇ ਸ਼ਖਸ ਚੁੱਪ ਤੇ ਖਾਮੋਸ਼ ਕਿਉਂ ਹਨ ? ਉਹ ਕਿਹੜੀ ਮਜਬੂਰੀ ਹੈ ਕਿ ਇਹਨਾਂ ਦੇ ਮੂੰਹ ਨੂੰ ਲੱਗੇ ਤਾਲੇ ਕਿਉਂ ਨਹੀਂ ਖੁੱਲ੍ਹਦੇ ? ਬਾਬੇ ਧੁੰਮੇ ਦਾ ਕੀ ਕਰਨਾ ਹੈ ? ਇਸ ਨਾਲ ਕੀ ਵਿਹਾਰ ਕਰਨਾ ਹੈ ? ਸਿੱਖ ਕੌਮ ਜਵਾਬ ਮੰਗਦੀ ਹੈ । ਜਿਸ ਟਕਸਾਲ ਨੂੰ ਸੰਤ ਜਰਨੈਲ ਸਿੰਘ ਭਿੰਡਰਾਂਵਾਲਿਆਂ ਨੇ ਅਸਮਾਨ ਤੇ ਪਹੁੰਚਾਇਆ ਸੀ । ਉਸ ਟਕਸਾਲ ਨੂੰ ਬਾਬੇ ਧੁੰਮੇ ਨੇ ਡੂੰਘੀਆਂ ਖੱਡਾਂ ਵਿੱਚ ਸੁੱਟ ਦਿੱਤਾ ਹੈ । ਉਹਨਾਂ ਨੇ ਬਾਬੇ ਧੁੰਮੇ ਦੀ ਦਸਤਾਰਬੰਦੀ ਕਰਨ ਵਾਲੇ ਸਰਦਾਰ ਸਿਮਰਨਜੀਤ ਸਿੰਘ ਮਾਨ, ਜਥੇਦਾਰ ਭਾਈ ਰਣਜੀਤ ਸਿੰਘ ਤੇ ਬਾਕੀ ਪੰਥਕ ਜਥੇਬੰਦੀਆਂ, ਸੰਤਾਂ ਮਹਾਪੁਰਸ਼ਾਂ ਤੋਂ ਵੀ ਪੁੱਛਿਆ ਕਿ ਇਸ ਬੰਦੇ ਬਾਰੇ ਤੁਹਾਨੂੰ ਜਾਣਕਾਰੀ ਨਹੀਂ ਸੀ ?ਬਾਬੇ ਧੁੰਮੇ ਵਲੋਂ ਜਿਵੇਂ ਕਿ ਸਾਡੇ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਅਤੇ ਸ਼ਹੀਦਾਂ ਦੀ ਕੁਰਬਾਨੀ ਨੂੰ ਰੋਲਣ ਦੇ ਯਤਨ ਹੋ ਰਹੇ ਹਨ, ਉਹ ਸਿੱਖ ਇੱਕ ਵੱਖਰੀ ਕੌਮ ਦੀ ਮੰਗ ਦੇ ਸੰਘਰਸ਼ ਦਾ ਵੀ ਭੋਗ ਵੀ ਪਾ ਰਿਹਾ ਹੈ। ਬਾਬਾ ਧੁੰਮਾਂ ਵੱਲੋਂ ਮਹਾਂਕੁੰਭ 'ਚ ਜਾ ਕੇ ਨਹਾਉਣਾ, ਭਗਵੇਂ ਕੱਪੜੇ ਪਾਉਣੇ, ਹਿੰਦੂ ਰੀਤਾਂ ਨੂੰ ਅਪਣਾਉਣਾ ਤੇ ਸਿੱਖਾਂ ਦੀ ਸਿਰਮੌਰ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਭਾਜਪਾ ਨੂੰ ਸਮਰਥਨ ਦੇਣਾ , ਬਾਦਲ ਦੇ ਪੈਰਾਂ ਵਿੱਚ ਬੈਠਣਾ ਇਹ ਸਿੱਖ ਕੌਮ ਦੀ ਅਤੇ ਦਮਦਮੀ ਟਕਸਾਲ ਦੀ ਤੌਹੀਨ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ ।ਉਹਨਾਂ ਕਿਹਾ ਕਿ ਕਿੰਨੀ ਸ਼ਰਮਨਾਕ ਗੱਲ ਹੈ ਕਿ ਬਾਬਾ ਹਰਨਾਮ ਸਿੰਘ ਧੁੰਮਾ ਪ੍ਰਕਾਸ਼ ਸਿੰਘ ਬਾਦਲ ਦੇ ਪੈਰਾਂ ਵਿੱਚ ਬੈਠਾ ਸੀ, ਉਹ ਬਾਦਲ ਪਰਿਵਾਰ ਦੀਆਂ ਚੜ੍ਹਦੀ ਕਲਾ ਦੀਆਂ ਅਰਦਾਸਾਂ ਕਰਦਾ ਰਿਹਾ, ਸਿੱਖਾਂ ਦੇ ਕਾਤਲ ਇਜ਼ਹਾਰ ਆਲਮ ਨਾਲ ਸਟੇਜਾਂ ਸਾਂਝੀਆਂ ਕਰਦਾ ਰਿਹਾ। ਬਾਬੇ ਧੁੰਮੇ ਦਾ ਕਿਰਦਾਰ ਹਮੇਸ਼ਾਂ ਸ਼ੱਕੀ ਰਿਹਾ ਹੈ, ਜਦੋਂ ਤੋਂ ਇਹ ਕਾਬਜ ਹੋਇਆ ਹੈ ਟਕਸਾਲ ਦਾ ਗਰਾਫ ਹੇਠਾਂ ਡਿੱਗ ਪਿਆ ਹੈ।

ਉਹਨਾਂ ਕਿਹਾ ਬਾਬੇ ਧੁੰਮੇ ਵਲੋਂ ਜਿਵੇਂ ਕਿ ਸਾਡੇ ਗੁਰੂ ਸਾਹਿਬਾਨਾਂ ਦੀ ਵਿਚਾਰਧਾਰਾ ਅਤੇ ਸ਼ਹੀਦਾਂ ਦੀ ਕੁਰਬਾਨੀ ਨੂੰ ਰੋਲਣ ਦੇ ਯਤਨ ਹੋ ਰਹੇ ਹਨ, ਉਹ ਸਿੱਖ ਇੱਕ ਵੱਖਰੀ ਕੌਮ ਦੀ ਮੰਗ ਦੇ ਸੰਘਰਸ਼ ਦਾ ਵੀ ਭੋਗ ਵੀ ਪਾ ਰਿਹਾ ਹੈ। ਬਾਬਾ ਧੁੰਮਾਂ ਵੱਲੋਂ ਮਹਾਂਕੁੰਭ 'ਚ ਜਾ ਕੇ ਨਹਾਉਣਾ, ਭਗਵੇਂ ਕੱਪੜੇ ਪਾਉਣੇ, ਹਿੰਦੂ ਰੀਤਾਂ ਨੂੰ ਅਪਣਾਉਣਾ ਤੇ ਸਿੱਖਾਂ ਦੀ ਸਿਰਮੌਰ ਜਥੇਬੰਦੀ ਦਮਦਮੀ ਟਕਸਾਲ ਵੱਲੋਂ ਭਾਜਪਾ ਨੂੰ ਸਮਰਥਨ ਦੇਣਾ , ਬਾਦਲ ਦੇ ਪੈਰਾਂ ਵਿੱਚ ਬੈਠਣਾ ਇਹ ਸਿੱਖ ਕੌਮ ਦੀ ਅਤੇ ਦਮਦਮੀ ਟਕਸਾਲ ਦੀ ਤੌਹੀਨ ਹੈ ਜਿਸ ਨੂੰ ਕਿਸੇ ਵੀ ਕੀਮਤ ਤੇ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ । ਉਹਨਾਂ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਕਿ ਉਹ ਬਾਬਾ ਹਰਨਾਮ ਸਿੰਘ ਧੁੰਮਾਂ ਅਤੇ ਉਸ ਦੇ ਚਾਟੜਿਆਂ ਨੂੰ ਤੁਰੰਤ ਤਲਬ ਕਰਕੇ ਤਨਖਾਹ ਲਗਾਉਣ। ਉਹਨਾਂ ਨੇ ਦਮਦਮੀ ਟਕਸਾਲ ਦੇ ਸਮੂਹ ਵਿਦਿਆਰਥੀਆਂ ਅਤੇ ਸੰਪਰਦਾਵਾਂ ਦੇ ਮੁਖੀਆਂ ਤੇ ਪੰਥਕ ਜਥੇਬੰਦੀਆਂ ਦੇ ਆਗੂਆਂ ਨੂੰ ਵੀ ਵਾਸਤਾ ਪਾਇਆ ਕਿ ਜਲਦੀ ਸਾਰੇ ਇਕੱਠੇ ਹੋ ਕੇ ਦਮਦਮੀ ਟਕਸਾਲ ਬਚਾਈਏ।

## ਨੌਂਵੇਂ ਪਾਤਸ਼ਾਹ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਪਿੰਡਾਂ ਅੰਦਰ ਹੋਣਗੇ ਗੁਰਮਤਿ ਸਮਾਗਮ*

Desi Punjab YouTube www.desipunjab.in



ਜੈਤੋ,, 8 ਫਰਵਰੀ( ਰਘੂਨੰਦਨ ਪਰਾਸ਼ਰ ):ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਧਰਮ ਪ੍ਰਚਾਰ ਲਹਿਰ ਤਹਿਤ ਅੱਜ ਗੁਰਦੁਆਰਾ ਸ੍ਰੀ ਗਰਨਾ ਸਾਹਿਬ ਬੋਦਲ ਹੁਸ਼ਿਆਰਪੁਰ ਤੋਂ 100 ਵਲੰਟੀਅਰ ਪ੍ਰਚਾਰਕ ਸਿੰਘਾਂ ਨੂੰ ਜਥਿਆਂ ਦੇ ਰੂਪ ਵਿੱਚ ਪਿੰਡਾਂ ਲਈ ਰਵਾਨਾ ਕੀਤਾ ਗਿਆ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਤੇ ਜਥਿਆਂ ਨੂੰ ਰਵਾਨਾ ਕਰਨ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ, ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੇ ਓਐੱਸਡੀ ਸ. ਸਤਬੀਰ ਸਿੰਘ ਧਾਮੀ ਸਮੇਤ ਪ੍ਰਮੁੱਖ ਸਖਸ਼ੀਅਤਾਂ ਹਾਜਰ ਸਨ।

ਇਸੇ ਸਬੰਧੀ ਜਾਣਕਾਰੀ ਦਿੰਦਿਆਂ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੀ ਧਰਮ ਪ੍ਰਚਾਰ ਕਮੇਟੀ ਦੇ ਪ੍ਰਬੰਧ ਵਾਲੇ ਸਿੱਖ ਮਿਸ਼ਨਰੀ ਕਾਲਜਾਂ ਅਤੇ ਗੁਰਮਤਿ ਵਿਦਿਆਲਿਆਂ ਤੋਂ ਸਿੱਖਿਆ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਦੀ ਵਲੰਟੀਅਰ ਤੌਰ 'ਤੇ ਚੋਣ ਕੀਤੀ ਗਈ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਨਿਰਦੇਸ਼ਾਂ ਅਨੁਸਾਰ ਇਨ੍ਹਾਂ ਵਿੱਚੋਂ 4-4 ਸਿੰਘਾਂ ਦੇ ਜਥੇ ਬਣਾ ਕੇ ਪਿੰਡਾਂ ਵਿੱਚ ਭੇਜਿਆ ਜਾ ਰਿਹਾ ਹੈ, ਜੋ ਇਕ ਪਿੰਡ ਵਿੱਚ 10 ਦਿਨ ਦੇ ਕਰੀਬ ਰਹਿ ਕੇ ਸੰਗਤਾਂ ਨੂੰ ਗੁਰਮਤਿ ਸਿਧਾਂਤਾਂ ਤੇ ਸਿੱਖ ਇਤਿਹਾਸ ਦੀ ਜਾਣਕਾਰੀ ਦੇਣਗੇ। ਉਨ੍ਹਾਂ ਕਿਹਾ ਕਿ ਖਾਲਸਾ ਪੰਥ ਵੱਲੋਂ ਨੌਂਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ 350 ਸਾਲਾ ਸ਼ਹੀਦੀ ਸ਼ਤਾਬਦੀ ਨਵੰਬਰ 2025 ਵਿੱਚ ਸ੍ਰੀ ਅਨੰਦਪੁਰ ਸਾਹਿਬ ਵਿਖੇ ਮਨਾਈ ਜਾ ਰਹੀ ਹੈ, ਜਿਸ ਨੂੰ ਸਮਰਪਿਤ ਸ਼੍ਰੋਮਣੀ ਕਮੇਟੀ ਵੱਲੋਂ ਗੁਰਮਤਿ ਸਮਾਗਮਾਂ ਦੀ ਲੜੀ ਚਲਾਈ ਜਾਵੇਗੀ। ਇਸੇ ਤਹਿਤ ਹੀ ਤਖਤ ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ ਵਿਖੇ ਖਾਲਸਾ ਸਾਜਨਾ ਦਿਵਸ ਵੈਸਾਖੀ ਮੌਕੇ ਵਿਸ਼ੇਸ਼ ਤੌਰ 'ਤੇ ਅੰਮ੍ਰਿਤ ਸੰਚਾਰ ਕਰਵਾਇਆ ਜਾ ਰਿਹਾ ਹੈ, ਜਿਸ ਵਿੱਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਖਾਲਸਾ ਸਾਜਨਾ ਸਮੇਂ ਅੰਮ੍ਰਿਤ ਸੰਚਾਰ ਲਈ ਵਰਤੇ ਖੰਡੇ ਨਾਲ ਸਿੰਘ ਸਾਹਿਬਾਨ ਅੰਮ੍ਰਿਤ ਦਾ ਬਾਟਾ ਤਿਆਰ ਕਰਨਗੇ। ਉਨ੍ਹਾਂ ਕਿਹਾ ਕਿ ਇਹ ਜਥੇ ਅੰਮ੍ਰਿਤ ਸੰਚਾਰ ਲਈ ਵੀ ਸੰਗਤਾਂ ਨੂੰ ਪ੍ਰੇਰਨਾ ਕਰਨਗੇ। ਉਨ੍ਹਾਂ ਕਿਹਾ ਕਿ ਵੈਸਾਖੀ ਤੱਕ ਇਹ ਜਥੇ ਦੁਆਬਾ ਖੇਤਰ ਦੇ ਪਿੰਡਾਂ ਅੰਦਰ ਧਰਮ ਪ੍ਰਚਾਰ ਲਹਿਰ ਜਾਰੀ ਰੱਖਣਗੇ ਜਿਸ ਮਗਰੋਂ ਇਨ੍ਹਾਂ ਨੂੰ ਹੋਰ ਹਲਕਿਆਂ ਵਿੱਚ ਭੇਜਿਆ ਜਾਵੇਗਾ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਸ. ਬਲਦੇਵ ਸਿੰਘ ਕਲਿਆਣ ਤੇ ਮੁੱਖ ਸਕੱਤਰ ਸ. ਕੁਲਵੰਤ ਸਿੰਘ ਮੰਨਣ ਤੋਂ ਇਲਾਵਾ ਓਐੱਸਡੀ ਸ. ਸਤਬੀਰ ਸਿੰਘ ਧਾਮੀ, ਵਧੀਕ ਸਕੱਤਰ ਸ. ਬਿਜੇ ਸਿੰਘ, ਸ. ਸੰਦੀਪ ਸਿੰਘ ਸੀਕਰੀ ਹਲਕਾ ਇੰਚਾਰਜ ਸ਼ਾਮਚੁਰਾਸੀ, ਪ੍ਰਿੰਸੀਪਲ ਬੀਬੀ ਮਨਜੀਤ ਕੌਰ, ਸ. ਮਹਿੰਦਰਪਾਲ ਸਿੰਘ ਗੁੰਬਰ, ਇੰਚਾਰਜ ਸ. ਕਰਤਾਰ ਸਿੰਘ, ਸ. ਬਹਾਲ ਸਿੰਘ, ਸ. ਗੁਰਭਾਗ ਸਿੰਘ, ਮੈਨੇਜਰ ਸ. ਅਵਤਾਰ ਸਿੰਘ, ਗੁਰਦੁਆਰਾ ਸ੍ਰੀ ਗਰਨਾ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਸਰਤਾਜ ਸਿੰਘ, ਪ੍ਰਚਾਰਕ ਭਾਈ ਕਲਿਆਣ ਸਿੰਘ, ਭਾਈ ਅਮਰਜੀਤ ਸਿੰਘ ਜੰਡੀ, ਭਾਈ ਗੁਰਜੰਟ ਸਿੰਘ ਤਿੱਬੜ, ਮੀਤ ਮੈਨੇਜਰ ਸ. ਗੁਰਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਪ੍ਰਨੀਤ ਕੌਰ ਨੇ ਦਿੱਲੀ ਚੋਣਾਂ 'ਚ ਭਾਜਪਾ ਦੀ ਜਿੱਤ ਦੀ ਸ਼ਲਾਘਾ ਕੀਤੀ, ਇਸ ਨੂੰ ਚੰਗੇ ਸ਼ਾਸਨ ਲਈ ਫਤਵਾ ਕਰਾਰ ਦਿੱਤਾ

Desi Punjab YouTube www.desipunjab.in



ਪਟਿਆਲਾ, 8 ਫਰਵਰੀ ਭਾਜਪਾ ਦੀ ਸੀਨੀਅਰ ਆਗੂ ਅਤੇ ਪਟਿਆਲਾ ਤੋਂ ਸਾਬਕਾ ਸੰਸਦ ਮੈਂਬਰ ਪ੍ਰਨੀਤ ਕੌਰ ਨੇ ਦਿੱਲੀ ਚੋਣ ਨਤੀਜਿਆਂ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਇਸ ਨੂੰ ਆਮ ਆਦਮੀ ਪਾਰਟੀ ਦੇ ਝੂਠੇ ਵਾਅਦਿਆਂ ਨੂੰ ਨਿਰਣਾਇਕ ਰੱਦ ਕਰਨ ਅਤੇ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਅਤੇ ਭਾਜਪਾ ਦੀ ਅਗਵਾਈ ਵਾਲੀ ਸਰਕਾਰ ਦੀ ਵਿਕਾਸ ਅਤੇ ਚੰਗੇ ਸ਼ਾਸਨ ਪ੍ਰਤੀ ਵਚਨਬੱਧਤਾ ਦਾ ਪੁਰਜ਼ੋਰ ਸਮਰਥਨ ਕਰਾਰ ਦਿੱਤਾ ਹੈ। ਉਨ੍ਹਾਂ ਕਿਹਾ, "ਦਿੱਲੀ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਦੂਰਅੰਦੇਸ਼ੀ ਲੀਡਰਸ਼ਿਪ ਵਿੱਚ ਇੱਕ ਵਾਰ ਫਿਰ ਭਰੋਸਾ ਜਤਾਇਆ ਹੈ। ਇਹ ਜਿੱਤ ਭਾਜਪਾ ਵੱਲੋਂ ਦੇਸ਼ ਭਰ ਵਿੱਚ ਲਾਗੂ ਕੀਤੀਆਂ ਗਈਆਂ ਤਬਦੀਲੀਆਂ ਦੀਆਂ ਨੀਤੀਆਂ ਅਤੇ ਸ਼ਾਸਨ ਦਾ ਪ੍ਰਮਾਣ ਹੈ। ਦਿੱਲੀ ਦੇ ਵੋਟਰਾਂ ਨੇ ਆਮ ਆਦਮੀ ਪਾਰਟੀ ਦੀ ਧੋਖੇਬਾਜ਼ੀ ਨੂੰ ਸਖਤੀ ਨਾਲ ਨਕਾਰ ਦਿੱਤਾ ਹੈ। ਉਨ੍ਹਾਂ ਦੇ ਵੱਡੇ ਆਗੂ, ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦੀਆ ਗੁੱਟ ਦੀ ਸ਼ਰਮਨਾਕ ਹਾਰ, ਇਹ ਸਾਬਤ ਕਰਦੀ ਹੈ ਕਿ ਲੋਕ ਹੁਣ ਉਨ੍ਹਾਂ ਦੇ ਝੂਠ ਅਤੇ ਨਾਕਾਮ ਸ਼ਾਸਨ ਤੋਂ ਤੰਗ ਆ ਚੁੱਕੇ ਹਨ।"ਪ੍ਰਨੀਤ ਕੌਰ ਨੇ ਅੱਗੇ ਕਿਹਾ ਕਿ ਪੰਜਾਬ ਨੇ ਵੀ ਹੁਣ 'ਆਪ' ਦਾ ਅਸਲੀ ਚਿਹਰਾ ਦੇਖ ਲਿਆ ਹੈ। ਉਨ੍ਹਾਂ ਕਿਹਾ, "ਪਿਛਲੇ ਤਿੰਨ ਸਾਲਾਂ ਵਿੱਚ ਪੰਜਾਬ ਵਿੱਚ ਕੋਈ ਵਿਕਾਸ ਨਹੀਂ ਹੋਇਆ। ਸਗੋਂ ਭ੍ਰਿਸ਼ਟਾਚਾਰ, ਗੈਰ-ਕਾਨੂੰਨੀ ਮਾਈਨਿੰਗ ਅਤੇ ਅਪਰਾਧ ਅਸਮਾਨ ਨੂੰ ਛੂਹ ਗਏ ਹਨ। ਆਮ ਆਦਮੀ ਪਾਰਟੀ ਆਪਣੇ ਕਿਸੇ ਵੀ ਵੱਡੇ ਵਾਅਦੇ ਨੂੰ ਪੂਰਾ ਕਰਨ ਵਿੱਚ ਨਾਕਾਮ ਰਹੀ ਹੈ, ਚਾਹੇ ਉਹ ਔਰਤਾਂ ਲਈ 1000 ਰੁਪਏ ਪ੍ਰਤੀ ਮਹੀਨਾ ਹੋਵੇ, ਸਿੱਖਿਆ ਵਿੱਚ ਸੁਧਾਰ ਹੋਵੇ ਜਾਂ ਸਿਹਤ ਸੰਭਾਲ ਪ੍ਰਣਾਲੀ ਨੂੰ ਮਜ਼ਬੂਤ ਕਰਨਾ ਹੋਵੇ। ਰਾਜ ਦੇ ਸਕੂਲ ਅਤੇ ਹਸਪਤਾਲ ਢਹਿ-ਢੇਰੀ ਹੋ ਗਏ ਹਨ, ਅਤੇ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਵਿੱਚ ਪੂਰੀ ਤਰ੍ਹਾਂ ਅਸਫਲ ਰਹੀ ਹੈ।" ਉਨ੍ਹਾਂ ਨੇ ਆਮ ਆਦਮੀ ਪਾਰਟੀ 'ਤੇ ਪੰਜਾਬ ਦੇ ਸਰੋਤਾਂ ਨੂੰ ਹੋਰ ਰਾਜਾਂ ਦੀ ਚੋਣ ਮੁਹਿੰਮ 'ਚ ਵਰਤਣ ਦਾ ਦੋਸ਼ ਲਗਾਇਆ ਤੇ ਕਿਹਾ, "ਇਹ ਲੋਕ ਪੰਜਾਬੀਆਂ ਦੀ ਖ਼ੂਨ-ਪਸੀਨੇ ਦੀ ਕਮਾਈ ਨੂੰ ਲੁਟ ਰਹੇ ਹਨ ਅਤੇ ਹੋਰ ਰਾਜਾਂ ਵਿੱਚ ਆਪਣੀ ਚੋਣੀ ਰਾਜਨੀਤੀ 'ਚ ਖਰਚ ਰਹੇ ਹਨ। ਪੰਜਾਬ ਦੇ ਲੋਕ ਉਨ੍ਹਾਂ ਦੀ ਇਹ ਬੇਇਮਾਨੀ ਕਦੇ ਵੀ ਮਾਫ਼ ਨਹੀਂ ਕਰਨਗੇ।"ਪ੍ਰਨੀਤ ਕੌਰ ਨੇ ਕਿਹਾ ਕਿ ਜਿਸ ਤਰ੍ਹਾਂ ਦਿੱਲੀ ਦੀ ਜਨਤਾ ਨੇ ਆਮ ਆਦਮੀ ਪਾਰਟੀ ਨੂੰ ਕਰਾਰਾ ਜਵਾਬ ਦਿੱਤਾ, ਓਸੇ ਤਰ੍ਹਾਂ ਪੰਜਾਬ ਦੀ ਜਨਤਾ ਵੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਉਨ੍ਹਾਂ ਦਾ ਪੂਰਾ ਸਫਾਇਆ ਕਰੇਗੀ। ਉਨ੍ਹਾਂ ਕਿਹਾ, "ਪੰਜਾਬ ਹੁਣ ਹੋਰ ਆਮ ਆਦਮੀ ਪਾਰਟੀ ਦੇ ਝੂਠ, ਭ੍ਰਿਸ਼ਟਾਚਾਰ ਅਤੇ ਨਾਕਾਮ ਸ਼ਾਸਨ ਨੂੰ ਬਰਦਾਸ਼ਤ ਨਹੀਂ ਕਰੇਗਾ। ਦਿੱਲੀ ਦੀ ਤਰ੍ਹਾਂ ਹੀ ਪੰਜਾਬ ਦੀ ਜਨਤਾ ਵੀ ਆਮ ਆਦਮੀ ਪਾਰਟੀ ਨੂੰ ਉਨ੍ਹਾਂ ਦੀ ਹਕੀਕਤ ਵਿਖਾ ਦੇਵੇਗੀ।"ਦਿੱਲੀ ਚੋਣਾਂ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਦੇ ਮੌਕੇ 'ਤੇ, ਪ੍ਰਨੀਤ ਕੌਰ ਨੇ ਪਟਿਆਲਾ ਦੇ ਅਨਾਰਦਾਨਾ ਚੌਕ 'ਚ ਭਾਜਪਾ ਵਰਕਰਾਂ ਦੇ ਨਾਲ ਮਿੱਠਾਈ ਵੰਡ ਕੇ ਜਸ਼ਨ ਮਨਾਇਆ। ਉਨ੍ਹਾਂ ਨੇ ਭਾਜਪਾ ਵਰਕਰਾਂ ਅਤੇ ਲੋਕਾਂ ਦਾ ਧੰਨਵਾਦ ਕੀਤਾ ਅਤੇ ਭਰੋਸਾ ਜਤਾਇਆ ਕਿ ਇਹ ਲਹਿਰ ਪੰਜਾਬ ਦੀਆਂ ਚੋਣਾਂ ਵਿੱਚ ਵੀ ਜਾਰੀ ਰਹੇਗੀ।

## ਬਿਜਲੀ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ ਦੀ ਮਿਲੀਭੁਗਤ ਨਾਲ ਚੱਲ ਰਿਹਾ ਵੱਡਾ ਜਰਨੇਟਰ ਤੇ ਵੈਲਡਿੰਗ ਦਾ ਕੰਮ

### ਦੁਕਾਨ ਮਾਲਕ ਵੱਲੋਂ ਝੂਠੀ ਜਾਣਕਾਰੀ ਦੇ ਕੇ ਚਲਾਇਆ ਜਾ ਰਿਹਾ ਕਾਰੋਬਾਰ-ਪ੍ਰਮਿੰਦਰ ਕੌਰ

Desi Punjab YouTube www.desipunjab.in

ਰਨਤਾਰਨ/ਝਬਾਲ,ਫਰਵਰੀ(ਪਰਗਟ ਸਿੰਘ)-ਬਿਜਲੀ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਦੀ ਮਿਲੀਭੁਗਤ ਨਾਲ ਚੱਲ ਰਿਹਾ ਵੱਡਾ ਜਰਨੇਟਰ ਤੇ ਵੈਲਡਿੰਗ ਦਾ ਕੰਮ ਅਤੇ ਦੁਕਾਨਦਾਰ ਵੱਲੋਂ ਝੂਠੀ ਜਾਣਕਾਰੀ ਦੇ ਕੇ ਚਲਾਇਆ ਜਾ ਰਿਹਾ ਕਾਰੋਬਾਰ ਸਬੰਧੀ ਦਿੱਤੀਆਂ ਸ਼ਕਾਇਤਾਂ ਦੀਆਂ ਕਾਪੀਆਂ ਅਤੇ ਵੱਖ ਵੱਖ ਸਮਿਆਂ ਤੇ ਖਿੱਚੀਆਂ ਤਸਵੀਰਾਂ ਵਿਖਾਉਂਦਿਆਂ ਪਰਮਿੰਦਰ ਕੌਰ ਪਤਨੀ ਰਾਜਦਵਿੰਦਰ ਸਿੰਘ ਰਾਜਾ ਵਾਸੀ ਅੱਡਾ ਝਬਾਲ ਨੇ ਦੱਸਿਆ ਕਿ ਉਨਾਂ ਦੀ ਭਿੱਖੀਵਿੰਡ ਰੋਡ ਝਬਾਲ ਵਿਖੇ ਸਥਿਤ ਮਾਰਕਿਟ ਦੇ ਅੰਦਰ ਆਪਣੀ ਮਲਕੀਅਤ ਬਿਉਟੀ ਪਾਰਲਰ ਤੇ ਰਾਜਾ ਗਿਫ਼ਟ ਹਾਊਸ ਨਾਂ ਦੀ ਦੁਕਾਨ ਹੈ।ਮਾਰਕਿਟ ਅੰਦਰ ਉਨਾਂ ਦੀ ਦੁਕਾਨ ਦੀ ਕੰਧ ਨਾਲ ਲੱਖ ਪ੍ਰਕਾਸ ਸਿੰਘ ਪੁੱਤਰ ਵਾਸੀ ਝਬਾਲ ਦੀ ਆਪਣੀ ਮਾਲਕੀ ਦੁਕਾਨ ਵਿੱਚ ਵੱਡਾ ਹਾਰਸ ਪਾਵਰ ਦਾ ਜਰਨੇਟਰ ਲੱਗਾ ਹੈ।ਜਿਸ ਦੀ ਸਪਲਾਈ ਮਾਰਕਿਟ ਦੇ ਅੱਗੇ ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਦੇ ਰੋਡ ਤੇ ਬਣੀ ਲੱਖਾਂ ਵੈਲਡਿੰਗ ਦੁਕਾਨ ਨੂੰ ਬਿਜਲੀ ਸਪਲਾਈ ਜਾਂਦੀ ਹੈ।ਜਿਸ ਨਾਲ ਪੁਰਾਣੀਆਂ ਟਰਾਲੀਆਂ ਨੂੰ ਵੱਡੇ ਵੱਡੇ ਹਥੋੜਿਆ ਨਾਲ ਤੋੜ ਕੇ ਨਵੀਆਂ ਟਰਾਲੀਆਂ ਬਣਾਉਣ ਦੇ ਨਾਲ ਕੰਬਾਇਨਾਂ ਤੇ ਹੋਰ ਵਾਹੀਕਲਾ ਨੂੰ ਸੜਕ ਤੇ ਅਤੇ ਸਾਡੀ ਦੁਕਾਨ ਦੇ ਸਾਹਮਣੇ ਮਾਰਕਿਟ ਵਿੱਚ ਖੜਾ ਕਰਕੇ ਰਸਤਾ ਬਿਲਕੁਲ ਬੰਦ ਕਰਕੇ ਵੈਲਡਿੰਗ ਕੀਤਾ ਜਾਂਦਾ ਹੈ।ਜਰਨੇਟਰ ਦੇ ਧੂੰਏ ਅਤੇ ਹਥੋੜਿਆ ਦੀਆਂ ਕੰਨ ਪਾੜਵੀਆਂ ਅਵਾਜ਼ਾਂ ਸਬੰਧੀ ਬਿਜਲੀ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਸ਼ਿਕਾਇਤ ਕੀਤੇ ਜਾਣ ਤੇ ਆਰ ਟੀ ਆਈ ਤਾਹਿਤ ਲਈ ਜਾਣਕਾਰੀ ਵਿੱਚ ਜਿੱਥੇ ਉਕਤ ਦੋਵਾ ਵਿਭਾਗਾਂ ਨੇ ਲੱਖ ਪ੍ਰਕਾਸ਼ ਨੂੰ ਕੋਈ ਵੀ ਮਨਜ਼ੂਰੀ ਦਿੱਤੇ ਜਾਣ ਤੋਂ ਇਨਕਾਰ ਕੀਤਾ ਗਿਆ।ਉੱਥੇ ਹੀ ਲੱਖ ਪ੍ਰਕਾਸ਼ ਵੱਲੋ ਬਿਜਲੀ ਵਿਭਾਗ ਨੂੰ ਝੂਠੀ ਜਾਣਕਾਰੀ ਦਾ ਹਲਫ਼ੀਆ ਬਿਆਨ ਦਿੱਤਾ ਗਿਆ ਕਿ ਉਨਾਂ ਦਾ ਜਰਨੇਟਰ 50 ਫੁੱਟ ਦੂਰ ਕਿਰਾਏ ਦੀ ਲਈ ਦੁਕਾਨ ਵਿੱਚ ਲੱਗਾ ਹੈ।ਜਦ ਕਿ ਜਰਨੇਟਰ ਬਿਲਕੁਲ ਸਾਡੀ ਦੁਕਾਨ ਦੇ ਨਾਲ ਵਾਲੀ ਉਸ ਦੀ ਆਪਣੀ ਦੁਕਾਨ ਚ,ਲੱਗਾ ਹੈ।ਜ਼ੋ ਵਿਭਾਗ ਦੇ ਅਧਿਕਾਰੀਆਂ ਦੀ ਮਿਲੀਭੁਗਤ ਨਾਲ ਕਈ ਸਾਲਾਂ ਤੋਂ ਚੱਲਦਾ ਆ ਰਿਹਾ ਹੈ।ਜ਼ੋ ਬੀਤੇ ਸਮੇਂ ਉਸ ਜਗਾਹ ਤੋਂ ਚੁੱਕ ਕੇ ਲੱਖ ਪ੍ਰਕਾਸ਼ ਵੱਲੋ ਆਪਣੇ ਕੋਠੇ ਉੱਤੇ ਮੇਰੇ ਦੁਕਾਨ ਦੇ ਕੋਠੇ ਨਾਲ ਲਗਦੀ ਕੰਧ ਨਾਲ ਫਿਰ ਲਗਾ ਦਿੱਤਾ ਗਿਆ ਹੈ।ਜਿਸ ਦਾ ਸ਼ੋਰ ਬਿਲਕੁਲ ਉਸੇ ਤਰਾਂ ਚੱਲ ਰਿਹਾ ਹੈ।ਜਦ ਇਸ ਚਲਦੇ ਸ਼ੋਰ ਅਤੇ ਟਰਾਲੀਆਂ ਕੰਬਾਇਨਾਂ ਤੇ ਹੋਰ ਵਹੀਕਲਾ ਨੂੰ ਖੜਾ ਕਰਕੇ ਮਾਰਕਿਟ ਅਤੇ ਸਾਡੀ ਦੁਕਾਨ ਦਾ ਰਸਤਾ ਬੰਦ ਕਰਨ ਬਾਰੇ ਲੱਖ ਪ੍ਰਕਾਸ਼ ਨੂੰ ਰੋਕਿਆ ਗਿਆ ਤਾਂ ਲੱਖ ਪ੍ਰਕਾਸ਼ ਵੱਲੋ ਆਪਣੇ ਪੁੱਤਰਾ ਨਾਲ ਮੈਨੂੰ ਗਾਲੀ ਗਲੋਚ ਤੇ ਧਮਕਾਉਦਿਆ ਕਿਹਾ ਕਿ ਤੁਸੀਂ ਜ਼ੋ ਕਰਨਾ ਕਰ ਲਵੋ ਅਸੀਂ ਤਾਂ ਏਦਾਂ ਹੀ ਕੰਮ ਕਰਦੇ ਆਏ ਹਾਂ ਤੇ ਕਰਦੇ ਰਹਾਂਗੇ। ਪ੍ਰਮਿੰਦਰ ਕੌਰ ਨੇ ਅੱਗੇ ਕਿਹਾ ਕਿ ਮੇਰੇ ਪਤੀ ਦਿਮਾਗ ਅਤੇ ਡਿਸਕ ਦੀ ਬਿਮਾਰੀ ਤੋਂ ਪੀੜਤ ਹਨ ਤੇ ਜਰਨੇਟਰ, ਧੂੰਏਂ ਅਤੇ ਹਥੌੜਿਆਂ ਤੇ ਲੋਹੇ ਦੀ ਅਵਾਜ਼ ਨਾਲ ਆਸ ਪਾਸ ਰਹਿੰਦੇ ਅਨੇਕਾਂ ਬਿਮਾਰੀਆਂ ਤੋਂ ਪੀੜਤ ਬਜ਼ੁਰਗ ਤੇ ਬੱਚੇ ਪ੍ਰੈਸਾਨ ਹੁੰਦੇ ਹਨ।ਇਸ ਸਬੰਧੀ ਬਿਜਲੀ ਵਿਭਾਗ ਅਤੇ ਪ੍ਰਦੂਸ਼ਣ ਕੰਟਰੋਲ



ਬੋਰਡ,ਨੈਸ਼ਨਲ ਹਾਈਵੇ ਅਥਾਰਟੀ ਆਫ਼ ਇੰਡੀਆ ਅਤੇ ਪੁਲੀਸ ਪ੍ਰਸ਼ਾਸਨ ਨੂੰ ਬਾਰ ਬਾਰ ਦਰਖਾਸਤਾਂ ਦੇਣ ਦੇ ਬਾਵਜੂਦ ਵੀ ਕੋਈ ਵੀ ਕਾਰਵਾਈ ਨਹੀਂ ਕੀਤੀ ਜਾ ਰਹੀ।ਉਨਾਂ ਕਿਹਾ ਕਿ ਜੇਕਰ ਉਨਾਂ ਨੂੰ ਇਨਸਾਫ ਨਾ ਮਿਲਿਆ ਤਾਂ ਇਨਸਾਫ ਲਈ ਉਹ ਮਾਣਯੋਗ ਅਦਾਲਤ ਵੱਲ ਰੁਖ਼ ਕਰਨਗੇ।ਇਸ ਸਬੰਧੀ ਲੱਖਾ ਵੈਲਡਿੰਗ ਵਾਲੇ ਦੀ ਦੁਕਾਨ ਦੇ ਮਾਲਕ ਲੱਖ ਪ੍ਰਕਾਸ਼ ਦੇ ਵੱਡੇ ਪੁੱਤਰ ਰਾਜੂ ਸੂਦ ਨਾਲ ਉਨਾਂ ਦੇ ਮੋਬਾਇਲ ਫੋਨ ਤੇ ਪੱਖ ਜਾਣਨ ਲਈ ਬਾਰ ਬਾਰ ਸੰਪਰਕ ਕੀਤਾ ਗਿਆ ਤਾਂ ਉਨਾਂ ਦਾ ਫੋਨ ਬੰਦ ਪਾਇਆ ਗਿਆ।

## ਐਨ.ਓ.ਸੀ. ਦੇ ਨਾਂ ਤੇ ਰਜਿਸਟਰੀਆਂ ਕਰਾਉਣ ਵਾਲਿਆਂ ਨਾਲ ਏਜੰਟਾਂ ਰਾਹੀਂ ਲੋਕਾਂ ਨਾਲ ਵੱਡੇ ਪੱਧਰ ਤੇ ਹੋ ਰਹੀ ਠੱਗੀ- ਕਾਮਰੇਡ ਸੁਖਦੇਵ ਸਿੰਘ ਕੋਟ

Desi Punjab YouTube www.desipunjab.in

ਝਬਾਲ,8 ਫਰਵਰੀ(ਪਰਗਟ ਸਿੰਘ,ਸਿੱਧਵਾ )-ਐਨਓਸੀ ਦੇ ਨਾਂ ਤੇ ਰਜਿਸਟਰੀਆਂ ਕਰਾਉਣ ਵਾਲਿਆਂ ਨਾਲ ਏਜੰਟਾਂ ਰਾਹੀਂ ਲੋਕਾਂ ਨਾਲ ਵੱਡੇ ਪੱਧਰ ਤੇ ਹੋ ਰਹੀ ਠੱਗੀ ਇਸ ਸਬੰਧੀ ਪ੍ਰੈਸ ਨੋਟ ਰਾਹੀਂ ਜਾਣਕਾਰੀ ਦਿੰਦਿਆਂ ਪੰਜਾਬ ਖੇਤ ਮਜ਼ਦੂਰ ਸਭਾ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਖਦੇਵ ਸਿੰਘ ਕੋਟ ਧਰਮ ਚੰਦ ਕਲਾਂ ਨੇ ਦੱਸਿਆ ਕਿ ਭਾਵੇਂ ਮੁੱਖ ਮੰਤਰੀ ਪੰਜਾਬ ਸ ਭਗਵੰਤ ਸਿੰਘ ਮਾਨ ਨੇ ਐਨ ਉ ਸੀ ਖਤਮ ਕਰਨ ਦਾ ਐਲਾਨ ਕੀਤਾ ਸੀ।ਪਰ ਉਸਦਾ ਹੇਠਲੇ ਪੱਧਰ ਤੇ ਕੋਈ ਵੀ ਅਸਰ ਨਹੀਂ ਹੋ ਰਿਹਾ।ਉਹਨਾਂ ਕਿਹਾ ਕਿ ਜਿਨ੍ਹਾਂ ਰਜਿਸਟਰੀਆਂ ਕਰਾਉਣ ਵਾਲਿਆਂ ਲੋਕਾਂ ਤੋਂ ਐਨ ਉ ਸੀ ਨਹੀਂ ਹੁੰਦੀ ਉਹਨਾ ਤੇ ਏਜੰਟਾ ਰਾਹੀਂ ਪੰਦਰਾਂ ਵੀਹ ਹਜ਼ਾਰ ਲੈ ਕੇ ਉਹਨਾਂ ਦੀਆਂ ਰਜਿਸਟਰੀਆਂ ਬਿਨਾਂ ਐਨ ਉ ਸੀ ਕੀਤੀਆ ਜਾਂਦੀਆਂ ਹਨ।ਜੋਂ ਕਿ ਐਨ ਉ ਸੀ ਦੇ ਨਾਂ ਤੇ ਆਮ ਲੋਕ ਠੱਗੀ ਦਾ ਸ਼ਿਕਾਰ ਹੋ ਰਹੇ ਹਨ।ਉਹਨਾਂ ਕਿਹਾ ਕਿ ਇਸ ਦੀ ਉੱਚ ਪੱਧਰੀ ਜਾਂਚ ਹੋਣੀ ਚਾਹੀਦੀ ਹੈ ਉਨ੍ਹਾਂ ਕਿਹਾ ਕਿ ਜੇ ਐਨ ਉ ਸੀ ਲਾਜ਼ਮੀ ਹੈ ਫਿਰ ਪੈਸੇ ਲੈ ਕੇ ਰਜਿਸਟਰੀਆਂ ਕਿਉਂ ਕੀਤੀਆ ਜਾਂਦੀਆਂ ਹਨ।ਇਸ ਦੇ ਨਾਲ ਹੀ ਉਨਾਂ ਕਿਹਾ ਨਰੇਗਾ ਕਾਮਿਆਂ ਨੂੰ ਰੈਗੂਲਰ ਤੌਰ ਤੇ ਕੰਮ ਦਿਤਾ ਜਾਵੇ ਅਤੇ ਜਿਨ੍ਹਾਂ ਲੋਕਾਂ ਦੇ ਕੰਮ ਕੀਤੇ ਦੇ ਪਿਛਲੇ ਬਕਾਏ ਹਨ ਫੌਰੀ ਤੌਰ ਤੇ ਉਹਨਾਂ ਖਾਤਿਆਂ ਵਿਚ ਪਾਏ ਜਾਣ ਅਤੇ ਨਰੇਗਾ ਮਜ਼ਦੂਰਾਂ ਨੂੰ 100 ਦਿਨ ਦੀ ਥਾਂ 200 ਦਿਨ ਕੰਮ ਦਿਤਾ ਜਾਵੇ । ਉਨਾਂ ਨੇ ਨਰੇਗਾ ਗ੍ਰਾਂਟਾਂ ਵਿੱਚ ਹੋਏ ਘਪਲਿਆਂ ਦੀ ਵੀ ਉਚ ਪੱਧਰੀ ਜਾਂਚ ਕਰਾਉਣ ਦੀ ਮੰਗ ਕੀਤੀ।



## ਸੜਕ ਬਣਾਉਣ 'ਚ ਅਫਸਰਾਂ ਦੀ ਨਿਗਰਾਨੀ ਹੇਠ ਹੋ ਰਹੀ ਘਪਲੇਬਾਜ਼ੀ

Desi Punjab YouTube www.desipunjab.in

ਦਲਜੀਤ ਸਿੰਘ ਸੰਧੂ ਝੁਨੀਰ 8 ਫ਼ਰਵਰੀ ਹਲਕਾ ਦੇ ਪਿੰਡ ਸਰਦੂਲੇਵਾਲਾ ਵਿਖੇ ਪਿਛਲੇ ਕਈ ਦਿਨਾਂ ਤੋਂ ਪੰਜਾਬ ਮੰਡੀ ਬੋਰਡ ਤਹਿਤ ਸੜਕ ਬਣਾਈ ਜਾ ਰਹੀ ਹੈ। ਜਿਸ ਵਿੱਚ ਵਰਤੀ ਜਾ ਰਹੇ ਮਟੀਰੀਅਲ ਵਿੱਚ ਵੱਡੀ ਘਪਲੇਬਾਜ਼ੀ ਸਾਹਮਣੇ ਆਈ ਹੈ। ਭਰੋਸੇਯੋਗ ਸੂਤਰਾਂ ਮੁਤਾਬਿਕ ਪੈ ਰਹੇ ਵੈਟ ਮਿਕਸ ਅੰਦਰ ਸੈਂਡ ਡਸਟ ਨਾਮਕ ਮਟੀਰੀਅਲ ਮਿਕਸ ਹੋਣਾ ਜ਼ਰੂਰੀ ਸੀ, ਜੋ ਕਿ ਅਪਰੂਵਡ ਪਲਾਂਟਾਂ ਤੋਂ ਮਿਕਸ ਹੋ ਕੇ ਆਉਣਾ ਜ਼ਰੂਰੀ ਸੀ। ਪਰ ਮੰਡੀ ਬੋਰਡ ਦੇ ਉਹ ਅਧਿਕਾਰੀਆਂ ਦੀ ਨਿਗਰਾਨੀ ਹੇਠ ਠੇਕੇਦਾਰ ਵੱਲੋਂ ਮੀਰਪੁਰ ਸਰਦੂਲੇਵਾਲਾ ਰੋਡ ਉੱਪਰ ਇੱਕ ਖਾਲੀ ਜਗ੍ਹਾ ਅੰਦਰ ਇਸ ਮਟੀਰੀਅਲ ਨੂੰ ਜੇ.ਸੀ.ਬੀ ਮਸ਼ੀਨ ਨਾਲ ਮਿਕਸ ਕੀਤਾ ਜਾ ਰਿਹਾ ਹੈ। ਪੱਤਰਕਾਰਾਂ ਦੁਆਰਾ ਸਭ ਤੋਂ ਵੱਡਾ ਖੁਲਾਸਾ ਉਦੋਂ ਹੋਇਆ, ਜਦੋਂ ਇਸ ਸੈਂਡ ਡਸਟ ਨਮਕ ਮਟੀਰੀਅਲ ਦੀ ਬਜ਼ਾਏ ਇਸ ਵਿੱਚ ਟਿੱਬਿਆਂ ਦਾ ਰੇਤਾ ਮਿਲਾਇਆ ਜਾ ਰਿਹਾ ਸੀ। ਮੌਕੇ ਤੇ ਵੀਡੀਓ ਬਣਾਉਣ ਤੋਂ ਬਾਅਦ ਪੱਤਰਕਾਰ ਨੇ ਐਕਸੀਐਨ ਵਿਪਨ ਖੰਨਾ ਨਾਲ ਜਦੋਂ ਗੱਲ ਕੀਤੀ ਤਾਂ ਉਹਨਾਂ ਨੇ ਕੋਈ ਢੁਕਵਾਂ ਜਵਾਬ ਨਾ ਦਿੰਦਿਆਂ ਹੋਇਆ ਇਹ ਕਿਹਾ ਕਿ ਉਹ ਜਲਦੀ ਹੀ ਚੈੱਕ ਕਰਵਾ ਕੇ ਇਸ ਨੂੰ ਠੀਕ ਕਰਵਾ ਦੇਣਗੇ। ਜਦੋਂ ਕਿ ਉਹਨਾਂ ਵੱਲੋਂ ਇਹ ਸਵੀਕਾਰਿਆ ਗਿਆ ਕਿ ਇਹ ਟਿੱਬਿਆਂ ਦਾ ਰੇਤਾ ਇਸ ਪੱਥਰ ਵਿੱਚ ਮਿਕਸ ਨਹੀਂ ਹੋ ਸਕਦਾ ਪਰ ਉਸ ਤੋਂ ਬਾਅਦ ਅਜੇ ਤੱਕ ਵੀ ਇਹ ਮਟੀਰੀਅਲ ਉਸ ਸੜਕ ਉੱਪਰ ਲਗਾਤਾਰ ਪੈ ਰਿਹਾ ਹੈ। ਪਿੰਡ ਵਾਸੀਆਂ ਵੱਲੋਂ ਪੰਜਾਬ ਸਰਕਾਰ ਨੂੰ ਬੇਨਤੀ ਕੀਤੀ ਗਈ ਕਿ ਇਹਨਾਂ ਘਪਲੇਬਾਜ ਅਵਸਰਾਂ ਅਤੇ ਠੇਕੇਦਾਰਾਂ ਉੱਪਰ ਸਖ਼ਤ ਤੋਂ ਸਖ਼ਤ ਕਾਰਵਾਈ ਕੀਤੀ ਜਾਵੇ।



# ਬੀਰ ਫਤਿਹ ਬਾਜਵਾ ਮੈਮੋਰੀਅਲ ਵੈਲਫੇਅਰ ਸੁਸਾਇਟੀ ਅਤੇ ਵਾਇਸ ਆਫ ਬਟਾਲਾ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਚੈਕ-ਅਪ ਕੈਂਪ ਲਗਾਇਆ ਗਿਆ




ਬਟਾਲਾ 8 ਫਰਵਰੀ (ਬਲਦੇਵ ਸਿੰਘ ਖਾਲਸਾ/ ਸੁਨੀਲ ਕੁਮਾਰ ਬਟਾਲਵੀ) ਸਰਕਾਰੀ ਰਿਹਾਇਸ਼ੀ ਸਕੂਲ ਸੇਖਵਾਂ ਵਿਖੇ ਸੱਕਤਰ ਸ਼੍ਰੀਮਤੀ ਸੁਖਵੰਤ ਕੌਰ ਪ੍ਰਿੰਸੀਪਲ ਦੀ ਯੋਗ ਅਗਵਾਈ ਅਤੇ ਲੈਕਚਰਾਰ ਰਾਜਵਿੰਦਰ ਸਿੰਘ ਦੀ ਦੇਖ ਰੇਖ ਹੇਠ ਬੀਰ ਫਤਿਹ ਬਾਜਵਾ ਮੈਮੋਰੀਅਲ ਵੈਲਫੇਅਰ ਸੁਸਾਇਟੀ (ਰਜਿ) ਬਟਾਲਾ ਅਤੇ ਵਾਇਸ ਆਫ ਬਟਾਲਾ ਦੇ ਸਹਿਯੋਗ ਨਾਲ ਮੁਫਤ ਮੈਡੀਕਲ ਚੈਕ-ਅਪ ਕੈਂਪ ਲਗਾਇਆ ਗਿਆ। ਕੈਂਪ ਦੌਰਾਨ ਅਕਾਸ਼ ਹਸਪਤਾਲ ਬਟਾਲਾ ਵੱਲੋਂ ਮੁਫ਼ਤ ਸ਼ੂਗਰ ਟੈਸਟ ਕੀਤੇ ਗਏ ਅਤੇ ਲੋੜਵੰਦ ਮਰੀਜਾਂ ਨੂੰ ਮੁਫਤ ਦਵਾਇਆਂ ਵੀ ਵੰਡੀਆਂ ਗਈਆਂ।ਇਸ ਮੌਕੇ ਵਾਇਸ ਆਫ ਬਟਾਲਾ ਅਤੇ ਆਈ. ਐਮ. ਏ. ਦੇ ਪ੍ਰਧਾਨ ਡਾ. ਲਖਬੀਰ ਸਿੰਘ ਭਾਗੋਵਾਲੀਆ, ਬੱਚਿਆਂ ਦੇ ਮਾਹਰ ਡਾ ਰਵਿੰਦਰ ਸਿੰਘ ਮਠਾਰੂ, ਅੱਖਾਂ ਦੇ ਮਾਹਰ ਡਾ ਮਨਦੀਪ ਕੌਰ, ਜਾਣੇ ਮਾਣੇ ਸਰਜਨ ਡਾ. ਕਮਲਜੀਤ ਸਿੰਘ ਕੇ ਜੇ ਅਤੇ ਸੇਵਾ ਮੁਕਤ ਐਸ.ਐਮ.ਓ. ਡਾ ਹਰਪਾਲ ਸਿੰਘ ਵਿਸ਼ੇਸ਼ ਤੌਰ ਤੇ ਪਹੁੰਚੇ। ਵਾਇਸ ਆਫ ਬਟਾਲਾ ਤੋਂ ਹਰਦੀਪ ਸਿੰਘ ਬਾਜਵਾ( ਸਾਬਕਾ ਜਿਲ੍ਹਾ ਕਮਾਂਡੈਟ) ਅਤੇ ਪ੍ਰੋਫੈਸਰ ਜਸਬੀਰ ਸਿੰਘ ਨੇ ਵੀ ਇਸ ਕੈਂਪ ਵਿੱਚ ਵਡਮੁੱਲਾ ਯੋਗਦਾਨ ਪਾਇਆ।ਇਸ ਕੈਂਪ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਸੇਖਵਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਤੋਂ ਇਲਾਵਾ ਪਿੰਡ ਦੇ ਲੋਕਾਂ ਨੇ ਵੀ ਆਕੇ ਇਸ ਕੈਂਪ ਦਾ ਲਾਭ ਲਿਆ।ਬੀਰ ਫਤਿਹ ਬਾਜਵਾ ਮੈਮੋਰੀਅਲ ਵੈਲਫੇਅਰ ਸੁਸਾਇਟੀ (ਰਜਿ) ਬਟਾਲਾ ਦੇ ਪ੍ਰਧਾਨ ਉਘੇ ਸਮਾਜ ਸੇਵੀ ਜਰਮਨਜੀਤ ਸਿੰਘ ਬਾਜਵਾ ਨੇ ਇਸ ਮੌਕੇ ਦੱਸਿਆ ਕਿ ਉਨ੍ਹਾਂ ਵੱਲੋਂ ਇਹ ਸੁਸਾਇਟੀ ਆਪਣੇ ਬੇਟੇ ਦੀ ਯਾਦ ਵਿੱਚ ਬਣਾਈ ਗਈ ਹੈ ਜਿਸ ਅਧੀਨ ਸਮਾਜ ਸੇਵਾ ਨਾਲ ਸੰਬਧਤ ਵੱਖ ਵੱਖ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ ਅਤੇ ਇਹ ਕੈਂਪ ਵੀ ਉਸ ਲੜੀ ਦਾ ਇਕ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਜਲਦ ਹੀ ਪਿੰਡ ਝਾੜੀਆਂਵਾਲ ਵਿਖੇ ਵੀ ਅਜਿਹਾ ਕੈਂਪ ਲਗਵਾਇਆ ਜਾਏਗਾ। ਵਾਇਸ ਆਫ ਬਟਾਲਾ ਦੇ ਪ੍ਰਧਾਨ ਡਾ ਲਖਬੀਰ ਸਿੰਘ ਭਾਗੋਵਾਲੀਆ ਨੇ ਇਸ ਮੌਕੇ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸੱਚੀ ਸੁੱਚੀ ਸੇਵਾ ਹੈ ਅਤੇ ਹਰ ਇੱਕ ਇਨਸਾਨ ਨੂੰ ਇਸ ਵਿੱਚ ਯੋਗਦਾਨ ਪਾਉਣਾ ਚਾਹੀਦਾ ਹੈ। ਕੈਂਪ ਦੀ ਸਮਾਪਤੀ ਤੇ ਪ੍ਰਿੰਸੀਪਲ ਸੁਖਵੰਤ ਕੌਰ ਅਤੇ ਲੈਕਚਰਾਰ ਰਾਜਵਿੰਦਰ ਸਿੰਘ ਆਏ ਹੋਏ ਮਾਹਿਰਾਂ ਅਤੇ ਪੱਤਵੰਤਿਆਂ ਨੂੰ ਸਨਮਾਨ ਚਿੰਨ੍ਹ ਭੇਟ ਕਰਕੇ ਧੰਨਵਾਦ ਕੀਤਾ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਜਬਰੀ ਜ਼ਮੀਨਾਂ ਅਕਵਾਇਰ ਕਰਨ ਦਾ ਵਿਰੋਧ ਕੌਮੀ ਸੱਦੇ ਤਹਿਤ ਨੌਂ ਫਰਵਰੀ ਨੂੰ ਐੱਮ.ਪੀ. ਮੀਤ ਹੇਅਰ ਦੇ ਘਰ ਅੱਗੇ ਕੀਤਾ ਜਾਵੇਗਾ ਰੋਸ ਪ੍ਰਦਰਸ਼ਨ



ਦਲਜੀਤ ਕੌਰ ਸੰਗਰੂਰ, ਫਰਵਰੀ, 2025: ਅੱਜ ਸੰਯੁਕਤ ਕਿਸਾਨ ਮੋਰਚੇ ਦੀ ਮੀਟਿੰਗ ਬੀਕੇਯੂ ਡਕੌਂਦਾ ਧਨੇਰ ਦੇ ਜਿਲਾ ਸਕੱਤਰ ਜਗਤਾਰ ਸਿੰਘ ਦੁੱਗਾਂ ਦੀ ਪ੍ਰਧਾਨਗੀ ਹੇਠ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਹੋਈ ਜਿਸ ਵਿੱਚ ਜੰਮੂ ਕਟੜਾ ਹਾਈਵੇ ਲਈ ਸੰਤੋਖਪੁਰਾ ਪਿੰਡ ਵਿਖੇ ਜਬਰੀ ਜਮਹੂਰੀ ਕਿਸਾਨ ਸਭਾ ਦੇ ਸੂਬਾ ਆਗੂ ਊਧਮ ਸਿੰਘ ਸੰਤੋਖਪੁਰਾ ਦੀ ਖੜੀ ਕਣਕ ਦੀ ਫਸਲ 'ਤੇ ਜੇਸੀਬੀ ਮਸ਼ੀਨਾਂ ਚਲਾਉਣ ਦੀ ਕੋਸ਼ਿਸ਼ ਕੀਤੀ ਗਈ ਅਤੇ ਇਸੇ ਤਰ੍ਹਾਂ ਪਿੰਡ ਨਮੋਲ ਵਿਖੇ ਤੇਲ ਪਾਈਪ ਲਾਈਨ ਪਾਉਣ ਲਈ ਪ੍ਰਸ਼ਾਸਨ ਵੱਲੋਂ ਜਬਰੀ ਕਿਸਾਨਾਂ ਦੀ ਕਣਕ ਦੀ ਖੜੀ ਫਸਲ ਬਰਬਾਦ ਕੀਤੀ ਗਈ ਤੇ ਕਿਸਾਨਾਂ ਤੇ ਲਾਠੀਚਾਰਜ ਕੀਤਾ ਗਿਆ। ਦੋਨਾਂ ਮਾਮਲਿਆਂ ਦੀ ਸੰਯੁਕਤ ਕਿਸਾਨ ਮੋਰਚੇ ਵੱਲੋਂ ਸਖਤ ਨਿਖੇਧੀ ਕਰਦਿਆਂ ਇਸਦਾ ਗੰਭੀਰ ਨੋਟਿਸ ਲਿਆ ਗਿਆ ਅਤੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਗਈ ਜੇਕਰ ਜਬਰਦਸਤੀ ਕਿਸਾਨਾਂ ਦੀਆਂ ਜਮੀਨਾਂ ਉਹਨਾਂ ਦੀ ਸਹਿਮਤੀ ਤੋਂ ਬਿਨਾਂ ਅਕਵਾਇਰ ਕੀਤੀਆਂ ਅਤੇ ਯੋਗ ਮੁਆਵਜਾ ਨਾਂ ਦਿੱਤਾ ਤਾਂ ਪੰਜਾਬ ਸਰਕਾਰ ਨੂੰ ਇਸ ਦਾ ਸੇਕ ਝੱਲਣਾ ਪਵੇਗਾ।

ਅੱਜ ਦੀ ਮੀਟਿੰਗ ਵਿੱਚ ਹਾਜ਼ਰ ਕਿਸਾਨ ਫੈਡਰੇਸ਼ਨ ਦੇ ਸੂਬਾ ਆਗੂ ਕਿਰਨਜੀਤ ਸਿੰਘ ਸੇਖੋ, ਬੀਕੇਯੂ ਰਾਜੇਵਾਲ ਦੇ ਆਗੂ ਮਨਜਿੰਦਰ ਸਿੰਘ ਘਾਬਦਾਂ, ਕੁੱਲ ਹਿੰਦ ਕਿਸਾਨ ਸਭਾ ਅਜੇ ਭਵਨ ਦੇ ਜ਼ਿਲਾ ਆਗੂ ਨਿਰਮਲ ਸਿੰਘ ਬਟੜੀਆਣਾ, ਕੁਲ ਹਿੰਦ ਕਿਸਾਨ ਸਭਾ ਪੰਜਾਬ ਦੇ ਜਿਲ੍ਹਾ ਆਗੂ ਇੰਦਰਪਾਲ ਸਿੰਘ ਪੁੰਨਾਵਾਲ, ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲਾ ਸਕੱਤਰ ਦਰਸ਼ਨ ਸਿੰਘ ਕੁੰਨਰਾਂ ਨੇ ਦੱਸਿਆ ਕਿ ਪਿਛਲੇ ਸਮੇਂ ਤੋਂ ਜੋ ਕੇਂਦਰ ਸਰਕਾਰ ਵੱਲੋਂ ਪੰਜਾਬ ਵਿੱਚ ਜੰਮੂ ਕਟੜਾ ਹਾਈਵੇ ਸਮੇਤ ਤੇਲ ਤੇ ਗੈਸ ਪਾਇਪ ਲਾਇਨ ਪਾਉਣ ਦੇ ਪ੍ਰੋਜੈਕਟ ਲਿਆਂਦੇ ਗਏ ਹਨ ਉਹਨਾਂ ਤਹਿਤ ਕਿਸਾਨਾਂ ਦੀਆਂ ਹਜ਼ਾਰਾਂ ਏਕੜ ਜਮੀਨਾਂ ਅਕਵਾਇਰ ਕੀਤੀਆਂ ਜਾ ਰਹੀਆਂ ਹਨ, ਜਮੀਨਾਂ ਅਕਵਾਇਰ ਕਰਨ ਸਮੇਂ ਜਿੱਥੇ ਯੋਗ ਮੁਆਵਜ਼ਾ ਨਹੀਂ ਦਿੱਤਾ ਜਾ ਰਿਹਾ ਅਤੇ ਆਪਸੀ ਤਕਸੀਮਾਂ ਦੇ ਅਤੇ ਭਰਾਵਾਂ ਵੰਡ ਦੇ ਮਾਮਲਿਆਂ ਨੂੰ ਨਿਬੇੜੇ ਤੋਂ ਬਿਨਾਂ ਹੀ ਪੰਜਾਬ ਸਰਕਾਰ ਅਤੇ ਸਥਾਨਕ ਪ੍ਰਸ਼ਾਸਨ ਕੇਂਦਰ ਸਰਕਾਰ ਦੀ ਜੀ ਹਜ਼ੂਰੀ ਕਰਦਿਆਂ ਆਪਣੇ ਪ੍ਰੋਜੈਕਟ ਨੇਪੜੇ ਚਾੜ੍ਹਨਾ ਚਾਹੁੰਦਾ ਹੈ ਤੇ ਇਸ ਲਈ ਧੱਕੇ ਜੋਰੀ ਜਮੀਨਾਂ ਤੇ ਕਬਜ਼ੇ ਕਰਨ ਦੀ ਕੋਸ਼ਿਸ਼ ਹੋ ਰਹੀ ਹੈ, ਜਿਸ ਦਾ ਵਿਰੋਧ ਕਰਨ ਤੇ ਕੱਲ ਨਮੋਲ ਵਿਖੇ ਵੀ ਕਿਸਾਨਾਂ ਤੇ ਲਾਠੀਚਾਰਜ ਕੀਤਾ ਗਿਆ ਅਤੇ ਇਸੇ ਤਰ੍ਹਾਂ ਸੰਤੋਖਪੁਰਾ ਵਿਖੇ ਵੀ ਜ਼ਬਰਦਸਤੀ ਕਿਸਾਨ ਦੀ ਫਸਲ ਉਜਾੜਨ ਦੀ ਕੋਸ਼ਿਸ਼ ਕੀਤੀ ਗਈ। ਅਜਿਹੀ ਕਾਰਵਾਈ ਦਰਸਾਉਂਦੀ ਹੈ ਕਿ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਕਿਸਾਨਾਂ ਦੇ ਉਜਾੜੇ ਲਈ ਦੋਵੇਂ ਇੱਕ ਮੱਤ ਹਨ ਅਤੇ ਕਾਰਪੋਰੇਟ ਘਰਾਣਿਆਂ ਦੇ ਮੁਨਾਫਿਆਂ ਲਈ ਕਿਸਾਨਾਂ ਦੀਆਂ ਜਮੀਨਾਂ ਐਕੁਵਾਇਰ ਕਰਨ ਲਈ ਕਿਸੇ ਵੀ ਹੱਦ ਤੱਕ ਜਾਣ ਲਈ ਤਿਆਰ ਹਨ। ਪਰ ਅਜਿਹੀ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ ।ਜੇਕਰ ਇਹ ਕਾਰਵਾਈ ਨੂੰ ਨਾ ਰੋਕਿਆ ਗਿਆ ਤਾਂ ਸੰਯੁਕਤ ਕਿਸਾਨ ਮੋਰਚਾ ਇਸ ਮਾਮਲੇ ਤੇ ਇੱਕਜੁੱਟ ਹੈ ਅਤੇ ਸੰਘਰਸ਼ ਲਈ ਤਿਆਰ ਹੈ। ਇਸੇ ਤਰ੍ਹਾਂ ਮੀਟਿੰਗ ਵਿੱਚ ਵਿਚਾਰੇ ਦੂਸਰੇ ਏਜੰਡੇ ਤਹਿਤ ਸੰਯੁਕਤ ਕਿਸਾਨ ਮੋਰਚੇ ਵੱਲੋਂ ਦਿੱਤੇ ਕੌਮੀ ਸੱਦੇ ਤਹਿਤ "ਕੌਮੀ ਖੇਤੀ ਮੰਡੀਕਰਨ ਨੀਤੀ ਖਰੜੇ ਨੂੰ ਰੱਦ ਕਰਵਾਉਣ" ਸਾਰੀਆਂ ਫਸਲਾਂ ਦੀ ਐਮਐਸਪੀ ਤੇ ਦਿੱਲੀ ਅੰਦੋਲਨ ਦੀਆਂ ਬਾਕੀ ਰਹਿੰਦੀਆਂ ਮੰਗਾਂ ਸਬੰਧੀ 9 ਫਰਵਰੀ ਨੂੰ ਐਮਪੀ ਮੀਤ ਹੇਅਰ ਦੇ ਘਰ ਅੱਗੇ ਰੋਸ ਪ੍ਰਦਰਸ਼ਨ ਵਿੱਚ ਵੀ ਵੱਡੀ ਗਿਣਤੀ ਸਮੂਲੀਅਤ ਕਰਨ ਦਾ ਫੈਸਲਾ ਕੀਤਾ ਗਿਆ।

# ਆਪ" ਨੇਤਾਵਾਂ ਦੀ ਹਾਰ ਨੇ ਮੰਤਰੀ ਸਾਹਿਬ ਦਾ ਉਪ ਮੁੱਖ ਮੰਤਰੀ ਪੰਜਾਬ ਬਣਨ ਦਾ ਸੁਪਨਾਂ ਕੀਤਾ "ਫੇਲ"

## "ਹਾਏ ਓ ਰੱਬਾ"ਉਪ ਮੁੱਖ ਮੰਤਰੀ ਪੰਜਾਬ ਬਣਣ ਦੇ ਸੁਪਨੇ ਕਿਉਂ ਕਿਤੇ ਢਹਿ ਢੇਰੀ .....?

## ਕਦੇ ਇਸ ਧੜੇ ਤੇ........ ਕਦੇ ਉੱਸ ਧੜੇ.....ਤੇ ਯਾਰ ਮੇਰਾ ਫੁਟਬਾਲ ਵਰਗਾ.....



ਰਣਜੀਤ ਸਿੰਘ ਮਸੌਣ ਅੰਮ੍ਰਿਤਸਰ, 8 ਫ਼ਰਵਰੀ ਆਮ ਆਦਮੀ ਪਾਰਟੀ ਦੀ ਸਰਕਾਰ ਜਦੋਂ ਪੰਜਾਬ ਦੇ ਵਿੱਚ ਹੋਂਦ ਵਿੱਚ ਆਈ ਸੀ ਤਾਂ ਪੰਜਾਬ ਵਿੱਚ ਉੱਪ ਮੁੱਖ ਮੰਤਰੀ ਲਗਾਉਣ ਦੀਆਂ ਚਰਚਾਵਾਂ ਕਾਫ਼ੀ ਲੰਬੇ ਸਮੇਂ ਤੋਂ ਹੀ ਉਜ਼ਾਗਰ ਹੋ ਗਈਆਂ ਸਨ। ਜਿਸ ਦੀ ਦੌੜ ਦੇ ਵਿੱਚ ਪੰਜਾਬ ਦੇ ਵੱਖ-ਵੱਖ ਥਾਵਾਂ ਤੋਂ ਆਮ ਆਦਮੀ ਪਾਰਟੀ ਦੇ ਨੁਮਾਇੰਦਿਆਂ ਨੇ ਆਪਣੀ ਕਿਸਮਤ ਅਜਮਾਉਣੀ ਸ਼ੁਰੂ ਕਰ ਦਿੱਤੀ ਸੀ ਅਤੇ ਦਿੱਲੀ ਦੇ ਦਿੱਗੇਜ ਨੇਤਾਵਾਂ ਦੇ ਕੋਲ ਭੁੰਜੇ ਬੈਠਣਾ ਵੀ ਸ਼ੁਰੂ ਕਰ ਦਿੱਤਾ ਸੀ ਤੇ ਕਹਿੰਦੇ ਸਨ ਕਿ ਪੰਜਾਬ ਵਿੱਚ ਜਲਦ ਉਪ ਮੁੱਖ ਮੰਤਰੀ ਵੀ ਲਗਾਇਆ ਜਾਵੇ। ਜਿਸ ਵਿੱਚ ਸਭ ਤੋਂ ਵੱਧ ਪੰਜਾਬ ਦੇ ਆਮ ਆਦਮੀ ਪਾਰਟੀ ਦੇ ਮੰਤਰੀ ਸਾਹਿਬ ਉਪ ਮੁੱਖ ਮੰਤਰੀ ਪੰਜਾਬ ਬਣਨ ਦੇ ਵਾਹ-ਵਾਹ ਹੀ ਚਾਹਵਾਨ ਸਨ। ਉਹਨਾਂ ਦੀ ਚਾਹਵਾਨ ਦਿਲਚਸਪੀ ਉੱਪ ਮੁੱਖ ਮੰਤਰੀ ਬਣਨ ਦੀ ਇੰਨੀ ਕੋ ਜਿਆਦਾ ਸੀ ਕਿ ਉਹ ਦਿੱਲੀ ਦੇ ਆਮ ਆਦਮੀ ਪਾਰਟੀ ਦੇ ਦਿਗਜ਼ ਨੇਤਾਵਾਂ ਦੇ ਚਰਨਾਂ ਵਿੱਚ ਬੋਰੀ ਵਿਛਾ ਬੈਠ ਜਾਂਦੇ ਸਨ ਪਰ ਅੱਜ ਪੂਰਾ ਦਿਨ ਟੀ.ਵੀ ਦੇ ਅੱਗੇ ਬੈਠ ਕੇ ਦਿਲ ਦੇ ਵਿੱਚ ਫੁੱਟ-ਫੁੱਟ ਰੋ ਰਹੇ ਹਨ। ਮੰਤਰੀ ਸਾਹਿਬ ਆਪਣੇ ਹੰਜੂ ਆਪ ਹੀ ਨਹੀਂ ਰੋਕ ਸਕੇ ਕਿਉਂਕਿ ਉਹਨਾਂ ਦੀ ਉਪ ਮੁੱਖ ਮੰਤਰੀ ਬਣਨ ਦੀ ਚਾਹਤ ਖ਼ਤਮ ਹੁੰਦੀ ਵਿਖਾਈ ਦੇ ਰਹੀ ਸੀ। ਜਿਸ ਤੇ ਅੱਜ ਦੁਪਹਿਰ ਨੂੰ ਦਿੱਲੀ ਦੀਆਂ ਫਾਈਨਲ ਚੋਣਾਂ ਦੇ ਨਤੀਜ਼ਿਆਂ ਨੇ ਉਮੀਦਾਂ ਉੱਤੇ ਉਸ ਸਮੇਂ ਪਾਣੀ ਫ਼ੇਰ ਦਿੱਤਾ। ਜਦੋਂ ਉਹਨਾਂ ਪਤਾ ਲੱਗਿਆ ਕਿ ਦਿੱਲੀ ਦੇ ਵਿੱਚ ਆਮ ਆਦਮੀ ਪਾਰਟੀ ਦੀਆਂ ਸੀਟਾਂ ਪਹਿਲਾਂ ਨਾਲੋਂ ਘੱਟ ਰਹੀਆਂ ਹਨ ਪਰ ਮੰਤਰੀ ਸਾਹਿਬ ਦਾ ਸੁਪਨਾ ਉਦੋਂ ਹੋਰ ਚਕਨਾ ਚੂਰ ਹੋ ਕੇ ਟੁੱਟ ਗਿਆ, ਜਦੋਂ ਆਮ ਆਦਮੀ ਪਾਰਟੀ ਦੇ ਦਿੱਲੀ ਦੇ ਦਿੱਗੇਜ ਨੇਤਾਵਾਂ ਦੀ ਹਾਰ ਸੁਣਨ ਨੂੰ ਮਿਲੀ। ਜਿਹੜੇ ਨੇਤਾ ਆਪਣੇ ਵਿਧਾਨ ਸਭਾ ਹਲਕੇ ਦੇ ਨਾਲ-ਨਾਲ ਦੂਜੇ ਵਿਧਾਨ ਸਭਾ ਹਲਕਿਆਂ ਦੇ ਵਿੱਚ ਜਾ ਜਾ ਚੋਣ ਪ੍ਰਚਾਰ ਕਰਦੇ ਸਨ। ਉਹਨਾਂ ਦੇ ਆਪਣੇ ਵਿਧਾਨ ਸਭਾ ਦੀ ਸੀਟ ਹੀ ਉਹਨਾਂ ਕੋਲੋਂ ਖੁਸ ਗਈ ਤੇ ਰਹਿ ਕੀ ਗਿਆ। ਦੱਸ ਦਈਏ ਕਿ ਸੋਸ਼ਲ ਮੀਡੀਆ ਅਤੇ ਕਾਂਗਰਸੀ ਆਗੂ ਪੰਜਾਬ ਦੇ ਵਿੱਚ ਆਮ ਆਦਮੀ ਪਾਰਟੀ ਦੇ ਦੋ ਧੜਿਆਂ ਨੂੰ ਵਿੱਚ ਵੰਡੀਆਂ ਹੋਇਆਂ ਦੱਸਦੇ ਹਨ। ਜਿਸ ਵਿੱਚ ਇੱਕ ਆਮ ਆਦਮੀ ਪਾਰਟੀ ਦਾ ਪੰਜਾਬ ਧੜਾ ਅਤੇ ਦੂਜਾ ਦਿੱਲੀ ਦੇ ਬਾਊ ਵਾਲਿਆਂ ਦਾ ਧੜਾ। ਦੱਸ ਦਈਏ ਕਿ ਪੰਜਾਬ ਦੇ ਇੱਕ ਮੰਤਰੀ ਸਾਹਿਬ ਜੋ ਦਿੱਲੀ ਵਿੱਚ ਇਹਨਾਂ ਨੇਤਾਵਾਂ ਨੂੰ ਪੰਜਾਬ ਤੋਂ ਪਾਣੀ ਪਿਲਾਉਣ ਦੇ ਲਈ ਜਾਂਦੇ ਸਨ। ਉਹਨਾਂ ਦੀ ਹਾਰ ਹੋਣ ਤੋਂ ਬਾਅਦ ਅੱਜ ਉਹ ਕਾਫ਼ੀ ਠੰਡੇ ਵਿਖਾਈ ਦਿੱਤੇ। ਇੰਨੇ ਠੰਡੇ ਕਦੇ ਨਹੀਂ ਦਿਸੇ ਕਿ ਉਹਨਾਂ ਦੀਆਂ ਉਮੀਦਾਂ ਤੇ ਪਾਣੀ ਤਾਂ ਫ਼ਿਰ ਹੀ ਗਿਆ ਅਤੇ ਪਾਣੀ ਦਾ ਹੜ ਇਹਨਾਂ ਜਿਆਦਾ ਆਇਆ ਕਿ ਉਹ ਆਪ ਹੀ ਭਿੱਜ ਗਏ। ਹਾਸੋਹੀਣੀ ਵਾਲੀ ਗੱਲ ਇਹ ਹੈ ਕਿ ਪੰਜਾਬ ਧੜੇ ਨੂੰ ਛੱਡ ਦਿੱਲੀ ਦੇ ਧੜੇ ਨੂੰ ਮਜ਼ਬੂਰ ਕਰਨ ਦੇ ਲਈ ਭਾਵੇਂ ਕਿ ਮੰਤਰੀ ਸਾਹਿਬ ਰਜ਼ਾਈਆਂ ਤੇ ਕੰਬਲ ਨਾਲ ਲੈ ਕੇ ਗਏ ਸਨ ਪਰ ਧਰੇ ਦੇ ਧਰੇ ਉਸ ਵੇਲੇ ਰਹਿ ਗਏ, ਜਦੋਂ ਉਹਨਾਂ ਚੋਣ ਨਤੀਜੇ ਦੇਖੇ ਅਤੇ ਆਪਣਾ ਸੁਪਨਾ ਨਾਕਾਮ ਹੁੰਦਾ ਹੋਇਆ ਟੁੱਟਦਾ ਵੇਖਿਆ ਹੰਜੂ ਤਾਂ ਰੁਕਣੇ ਹੀ ਨਹੀਂ ਸਨ, ਕਿਉਂਕਿ ਇਧਰੋਂ ਪੰਜਾਬ ਦਾ ਟੋਲਾ ਨਹੀਂ ਚਾਹੁੰਦਾ ਕਿ ਮੰਤਰੀ ਸਾਹਿਬ ਉੱਪ ਮੁੱਖ ਮੰਤਰੀ ਬਣਨ। ਉਧਰ ਆਪਣਾ ਜੋਰ ਦਿੱਲੀ ਵਾਲਿਆਂ ਦੇ ਸਿਰ ਤੇ ਛੱਡ ਦਿੱਤਾ ਸੀ ਕਿ ਦਿੱਲੀ ਵਾਲਿਆਂ ਨੇ ਮੇਰਾ ਨਾਂ ਉਪ ਮੁੱਖ ਮੰਤਰੀ ਪੰਜਾਬ ਦੇ ਲਈ ਘੋਸ਼ਿਤ ਕਰ ਦੇਣਾ ਹੈ। ਸੋ ਦੱਸਣਾ ਇਹ ਬਣਦਾ ਹੈ ਕਿ ਪ੍ਰਮਾਤਮਾ ਦੀ ਰਜ਼ਾ ਵਿੱਚ ਹੀ ਰਿਹਾ ਜਾਵੇ ਤਾਂ ਹੀ ਜਿਆਦਾ ਵਧੀਆ ਰਹਿੰਦਾ ਹੈ ਨਾ ਕੀ ਫੁੱਟਬਾਲ ਬਣ ਕੇ ਕਦੇ ਇਸ ਪੁੱਲ ਤੇ ਤੇ ਕਦੇ ਉਸ ਪੁੱਲ ਤੇ ਰਿਹਾ ਜਾਵੇ।

# ਦਿੱਲੀ ਦੀ ਹਾਰ ਤੋਂ ਮੁੱਖ ਮੰਤਰੀ ਭਗਵੰਤ ਮਾਨ ਨੂੰ ਸੇਧ ਲੈਣ ਦੀ ਲੋੜ

ਦਿੱਲੀ ਵਿੱਚ ਆਮ ਆਦਮੀ ਪਾਰਟੀ (ਆਪ) ਲਈ ਹਾਲੀਆ ਚੋਣਾਵੀ ਝਟਕੇ ਚਿੰਤਾ ਦਾ ਵਿਸ਼ਾ ਹਨ, ਖਾਸ ਤੌਰ 'ਤੇ ਮੁੱਖ ਮੰਤਰੀ ਭਗਵੰਤ ਮਾਨ ਲਈ, ਜੋ ਆਪਣੇ ਸਿਆਸੀ ਕਰੀਅਰ ਦੇ ਇੱਕ ਅਹਿਮ ਮੋੜ 'ਤੇ ਹਨ। ਇਹ ਹਾਰ ਨਾ ਸਿਰਫ਼ ਪਾਰਟੀ ਦੀ ਰਣਨੀਤੀ ਅਤੇ ਸ਼ਾਸਨ 'ਤੇ ਸਵਾਲ ਖੜ੍ਹੇ ਕਰਦੀ ਹੈ, ਸਗੋਂ ਮੁੱਖ ਮੰਤਰੀ ਭਗਵੰਤ ਮਾਨ ਲਈ ਸਿੱਖਣ ਦੇ ਅਹਿਮ ਮੌਕੇ ਵਜੋਂ ਕੰਮ ਕਰਦੀ ਹੈ। ਪਾਰਟੀ ਦੇ ਗੜ੍ਹ, ਦਿੱਲੀ ਵਿੱਚ 'ਆਪ' ਦੀ ਹਾਰ ਦਾ ਕਾਰਨ ਕਈ ਕਾਰਕਾਂ ਨੂੰ ਮੰਨਿਆ ਜਾ ਸਕਦਾ ਹੈ। ਵੋਟਰਾਂ ਦੀ ਭਾਵਨਾ ਆਮ ਤੌਰ 'ਤੇ ਚੰਚਲ ਹੈ, ਅਤੇ ਇੱਥੋਂ ਤੱਕ ਕਿ ਸਭ ਤੋਂ ਵੱਧ ਸਥਾਪਿਤ ਪਾਰਟੀਆਂ ਨੂੰ ਵੀ ਜਨਤਕ ਸਮਰਥਨ ਕਾਇਮ ਰੱਖਣ ਵਿੱਚ ਚੁਣੌਤੀਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦਿੱਲੀ ਚੋਣਾਂ ਨੇ ਵੋਟਰਾਂ ਵਿੱਚ ਇੱਕ ਭਾਵਨਾਤਮਕ ਤਬਦੀਲੀ ਦੀ ਨਿਸ਼ਾਨਦੇਹੀ ਕੀਤੀ, ਜੋ ਵਾਅਦਿਆਂ ਦੀ ਬਜਾਏ ਠੋਸ ਨਤੀਜਿਆਂ ਦੀ ਭਾਲ ਵਿੱਚ ਵੱਧ ਰਹੇ ਹਨ, ਇਹ ਅਹਿਸਾਸ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਵਿੱਚ ਆਪਣੀ ਲੀਡਰਸ਼ਿਪ ਨੂੰ ਮਜ਼ਬੂਤ ਕਰਨ ਲਈ ਗਲੇ ਲਗਾਉਣਾ ਚਾਹੀਦਾ ਹੈ।ਦਿੱਲੀ ਤੋਂ ਅਹਿਮ ਸਬਕ*ਐਜੀਟੇਸ਼ਨਉੱਤੇ ਸਨ**: ਦਿੱਲੀ ਦੀ ਹਾਰ ਤੋਂ ਸਭ ਤੋਂ ਡੂੰਘੇ ਸਬਕਾਂ ਵਿੱਚੋਂ ਇੱਕ ਹੈ ਪ੍ਰਭਾਵਸ਼ਾਲੀ ਸ਼ਾਸਨ ਦੀ ਲੋੜ। ਜਦੋਂ ਕਿ ਪ੍ਰਦਰਸ਼ਨ ਅਤੇ ਵਿਰੋਧ ਪ੍ਰਦਰਸ਼ਨ ਸਮਰਥਨ ਨੂੰ ਵਧਾ ਸਕਦੇ ਹਨ ਅਤੇ ਮੀਡੀਆ ਦਾ ਧਿਆਨ ਖਿੱਚ ਸਕਦੇ ਹਨ । ਮੁੱਖ ਮੰਤਰੀ ਭਗਵੰਤ ਮਾਨ ਨੂੰ ਪੰਜਾਬ ਵਾਸੀਆਂ ਨੂੰ ਦਰਪੇਸ਼ ਰੋਜ਼ਾਨਾ ਸਮੱਸਿਆਵਾਂ ਜਿਵੇਂ ਕਿ ਸਿੱਖਿਆ, ਸਿਹਤ ਸੰਭਾਲ ਅਤੇ ਬੁਨਿਆਦੀ ਢਾਂਚੇ ਦੇ ਠੋਸ ਹੱਲ ਨੂੰ ਤਰਜੀਹ ਦੇਣੀ ਚਾਹੀਦੀ ਹੈ। ਪ੍ਰਭਾਵਸ਼ਾਲੀ ਸ਼ਾਸਨ ਦਾ ਪ੍ਰਦਰਸ਼ਨ ਵਿਸ਼ਵਾਸ ਅਤੇ ਭਰੋਸੇਯੋਗਤਾ ਨੂੰ ਮਜ਼ਬੂਤ ਕਰੇਗਾ।

**ਮਤਦਾਤਾਵਾਂ ਨਾਲ ਜੁੜਨਾ**: ਹਾਲ ਹੀ ਦੀਆਂ ਚੋਣਾਂ ਤੋਂ ਇੱਕ ਮਹੱਤਵਪੂਰਨ ਉਪਾਅ ਵੋਟਰਾਂ ਨਾਲ ਸਿੱਧੀ ਸ਼ਮੂਲੀਅਤ ਦੀ ਜ਼ਰੂਰਤ ਹੈ। ਚੋਣਾਂ ਦੌਰਾਨ 'ਆਪ' ਦਾ ਦਿੱਲੀ 'ਚ ਆਧਾਰ ਨਾਲੋਂ ਟੁੱਟਣਾ ਸਾਫ਼ ਨਜ਼ਰ ਆ ਰਿਹਾ ਸੀ। ਮੁੱਖ ਮੰਤਰੀ ਮਾਨ ਨੂੰ ਪੰਜਾਬ ਦੇ ਵੋਟਰਾਂ ਨਾਲ ਮੁੜ ਜੁੜਨ ਲਈ ਹੇਠਲੇ ਪੱਧਰ ਤੱਕ ਪਹੁੰਚ ਪਹਿਲਕਦਮੀਆਂ, ਟਾਊਨ ਹਾਲ ਮੀਟਿੰਗਾਂ ਅਤੇ ਸਰਗਰਮ ਸੋਸ਼ਲ ਮੀਡੀਆ ਸ਼ਮੂਲੀਅਤ ਨੂੰ ਤਰਜੀਹ ਦੇਣੀ ਚਾਹੀਦੀ ਹੈ। ਨਾਗਰਿਕਾਂ ਦੀਆਂ ਚਿੰਤਾਵਾਂ ਨੂੰ ਸੁਣਨਾ ਅਤੇ ਉਨ੍ਹਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨਾ ਇੱਕ ਵਧੇਰੇ ਮਜ਼ਬੂਤ ਅਤੇ ਲਚਕੀਲਾ ਸਹਾਇਤਾ ਅਧਾਰ ਨੂੰ ਵਧਾ ਸਕਦਾ ਹੈ।**ਵਿਭਿੰਨ ਗੱਠਜੋੜ ਬਣਾਉਣਾ**: ਆਪ ਦੇ ਨੁਕਸਾਨ ਨੇ ਇੱਕ ਵਿਆਪਕ ਗੱਠਜੋੜ ਬਣਾਉਣ ਦੀ ਜ਼ਰੂਰਤ ਨੂੰ ਦਰਸਾਇਆ ਹੈ ਜਿਸ ਵਿੱਚ ਵੱਖ-ਵੱਖ ਜਨਸੰਖਿਆ ਅਤੇ ਹਿੱਤ ਸ਼ਾਮਲ ਹਨ। ਪੰਜਾਬ ਦੇ ਵੋਟਰ ਵਿਭਿੰਨ ਹਨ, ਅਤੇ ਪਾਰਟੀ ਨੂੰ ਕਿਸਾਨਾਂ, ਔਰਤਾਂ ਅਤੇ ਨੌਜਵਾਨਾਂ ਸਮੇਤ ਵੱਖ-ਵੱਖ ਭਾਈਚਾਰਿਆਂ ਤੱਕ ਪਹੁੰਚ ਕਰਨੀ ਚਾਹੀਦੀ ਹੈ। ਨਿਯਤ ਨੀਤੀਆਂ ਅਤੇ ਆਊਟਰੀਚ ਪ੍ਰੋਗਰਾਮਾਂ ਨੂੰ ਬਣਾਉਣਾ ਇਹ ਯਕੀਨੀ ਬਣਾਉਣ ਵਿੱਚ ਮਦਦ ਕਰ ਸਕਦਾ ਹੈ ਕਿ ਸਾਰੀਆਂ ਆਵਾਜ਼ਾਂ ਸੁਣੀਆਂ ਗਈਆਂ ਹਨ ਅਤੇ ਉਚਿਤ ਰੂਪ ਵਿੱਚ ਪ੍ਰਸਤੁਤ ਕੀਤੀਆਂ ਗਈਆਂ ਹਨ।

**ਪਾਰਦਰਸ਼ਤਾ ਅਤੇ ਜਵਾਬਦੇਹੀ**: ਹਾਲ ਹੀ ਦੇ ਸਾਲਾਂ ਵਿੱਚ ਜਵਾਬਦੇਹੀ ਲਈ ਵੋਟਰਾਂ ਦੀ ਇੱਛਾ ਕਾਫੀ ਵਧੀ ਹੈ। ਮੁੱਖ ਮੰਤਰੀ ਭਗਵੰਤ ਮਾਨ ਨੂੰ ਸ਼ਾਸਨ ਵਿੱਚ ਪਾਰਦਰਸ਼ਤਾ ਲਿਆਉਣੀ ਚਾਹੀਦੀ ਹੈ, ਇਹ ਯਕੀਨੀ ਬਣਾਉਣਾ ਕਿ ਉਸਦਾ ਪ੍ਰਸ਼ਾਸਨ ਜਨਤਾ ਪ੍ਰਤੀ ਜਵਾਬਦੇਹ ਹੈ। ਓਪਨ ਡੇਟਾ ਪਹਿਲਕਦਮੀਆਂ, ਨਿਯਮਤ ਆਡਿਟ, ਅਤੇ ਜਨਤਕ ਸਲਾਹ-ਮਸ਼ਵਰੇ ਨੂੰ ਲਾਗੂ ਕਰਨਾ ਨਿਰਾਸ਼ ਵੋਟਰਾਂ ਦਾ ਵਿਸ਼ਵਾਸ ਵਾਪਸ ਜਿੱਤਣ ਵਿੱਚ ਮਦਦ ਕਰ ਸਕਦਾ ਹੈ।

**ਨੀਤੀ ਫੋਕਸ**: ਸਭ ਤੋਂ ਅਹਿਮ ਸਬਕਾਂ ਵਿੱਚੋਂ ਇੱਕ ਹੋਰ ਮੁੱਦਾ-ਆਧਾਰਿਤ ਮੁਹਿੰਮ ਰਣਨੀਤੀ ਅਪਣਾਉਣੀ ਹੈ। 'ਆਪ' ਨੂੰ ਚਰਿੱਤਰ-ਅਧਾਰਿਤ ਰਾਜਨੀਤੀ ਤੋਂ ਇੱਕ ਹੋਰ ਨੀਤੀ-ਕੇਂਦਰਿਤ ਪਹੁੰਚ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ, ਜਿੱਥੇ ਇਹ ਰਾਜ ਦੇ ਦਬਾਅ ਦੇ ਮੁੱਦਿਆਂ ਨਾਲ ਨਜਿੱਠਣ ਲਈ ਆਪਣੀਆਂ ਯੋਜਨਾਵਾਂ ਦੀ ਸਪੱਸ਼ਟ ਰੂਪ ਰੇਖਾ ਤਿਆਰ ਕਰਦੀ ਹੈ। ਖਾਸ, ਕਾਰਵਾਈਯੋਗ ਨੀਤੀਆਂ ਜੋ ਲੋਕਾਂ ਦੀਆਂ ਲੋੜਾਂ ਨਾਲ ਗੂੰਜਦੀਆਂ ਹਨ, ਸੰਭਾਵਤ ਤੌਰ 'ਤੇ ਪਾਰਟੀ ਦੀ ਵਧੇਰੇ ਅਨੁਕੂਲ ਧਾਰਨਾ ਵੱਲ ਲੈ ਜਾਣਗੀਆਂ।

# ਐਕਸੈਲਸੀਅਰ ਪਬਲਿਕ ਸਕੂਲ (ਸੀਨੀਅਰ) ਵਿਖੇ 'ਦਾਦਾ-ਦਾਦੀ ਦਿਵਸ' ਮਨਾਇਆ ਗਿਆ



ਬਟਾਲਾ 8 ਫਰਵਰੀ (ਬਲਦੇਵ ਸਿੰਘ ਖਾਲਸਾ/ ਸੁਨੀਲ ਬਟਾਲਵੀ) ਐਕਸੈਲਸੀਅਰ ਪਬਲਿਕ ਸਕੂਲ (ਸੀਨੀਅਰ ਸੈਕੰਡਰੀ) ਵਿਖੇ ਮੁੱਖ ਅਧਿਆਪਕਾ ਮੋਨਿਕਾ ਕਪੂਰ ਜੀ ਦੀ ਪ੍ਰਧਾਨਗੀ ਹੇਠ ਦਾਦਾ-ਦਾਦੀ ਦਿਵਸ ਬਹੁਤ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਇਸ ਖਾਸ ਮੌਕੇ 'ਤੇ, ਵਿਦਿਆਰਥੀਆਂ ਦੇ ਦਾਦਾ-ਦਾਦੀ ਅਤੇ ਦਾਦਾ-ਦਾਦੀ ਨੂੰ ਸੱਦਾ ਦਿੱਤਾ ਗਿਆ ਸੀ। ਪ੍ਰੋਗਰਾਮ ਦੀ ਸ਼ੁਰੂਆਤ ਸਕੂਲ ਪ੍ਰਬੰਧਨ ਅਤੇ ਅਧਿਆਪਕਾਂ ਦੁਆਰਾ ਮਹਿਮਾਨਾਂ ਦੇ ਸਵਾਗਤ ਨਾਲ ਹੋਈ। ਇਸ ਖਾਸ ਮੌਕੇ 'ਤੇ ਦਾਦਾ-ਦਾਦੀ ਨੇ ਆਪਣੇ ਪੋਤੇ-ਪੋਤੀਆਂ ਨਾਲ ਵੱਖ-ਵੱਖ ਗਤੀਵਿਧੀਆਂ ਵਿੱਚ ਹਿੱਸਾ ਲਿਆ ਅਤੇ ਪ੍ਰੋਗਰਾਮ ਦਾ ਭਰਪੂਰ ਆਨੰਦ ਮਾਣਿਆ। ਬੱਚਿਆਂ ਨੇ ਆਪਣੇ ਦਾਦਾ-ਦਾਦੀ ਨਾਲ ਰੈਂਪ ਵਾਕ (ਮਾਡਲਿੰਗ) ਵੀ ਕੀਤੀ ਜਿਸ ਨਾਲ ਮਾਹੌਲ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਗਿਆ। ਨਰਸਰੀ ਕਲਾਸ ਦੇ ਵਿਦਿਆਰਥੀਆਂ ਨੇ ਸੁੰਦਰ ਕਵਿਤਾਵਾਂ ਅਤੇ ਨਾਚ ਪੇਸ਼ ਕੀਤੇ ਜਿਨ੍ਹਾਂ ਨੇ ਸਾਰਿਆਂ ਨੂੰ ਮੰਤਰਮੁਗਧ ਕਰ ਦਿੱਤਾ। ਐਲ.ਕੇ.ਜੀ. ਦੇ ਵਿਦਿਆਰਥੀਆਂ ਨੇ ਸ਼ਾਨਦਾਰ ਨਾਚ ਪੇਸ਼ ਕਰਕੇ ਉਤਸ਼ਾਹ ਵਧਾਇਆ। ਯੂਕੇਜੀ ਮੁੰਡਿਆਂ ਨੇ ਭੰਗੜਾ ਪੇਸ਼ ਕੀਤਾ ਜਦੋਂ ਕਿ ਕੁੜੀਆਂ ਨੇ ਰੰਗੀਨ ਗਿੱਧਾ ਪੇਸ਼ ਕੀਤਾ, ਜਿਸ ਨਾਲ ਮਾਹੌਲ ਵਿੱਚ ਰਵਾਇਤੀ ਪੰਜਾਬੀ ਸੁਆਦ ਸ਼ਾਮਲ ਹੋਇਆ।ਇਸ ਸਮਾਗਮ ਦਾ ਮੁੱਖ ਉਦੇਸ਼ ਬਜ਼ੁਰਗਾਂ ਪ੍ਰਤੀ ਸਤਿਕਾਰ ਅਤੇ ਪਿਆਰ ਦਾ ਪ੍ਰਗਟਾਵਾ ਕਰਨਾ ਸੀ। ਇਸ ਮੌਕੇ 'ਤੇ, ਸਕੂਲ ਦੀ ਪ੍ਰਿੰਸੀਪਲ ਨੇ ਆਪਣੇ ਪ੍ਰੇਰਨਾਦਾਇਕ ਸ਼ਬਦਾਂ ਰਾਹੀਂ, ਦਾਦਾ-ਦਾਦੀ ਦਿਵਸ ਦੀ ਮਹੱਤਤਾ 'ਤੇ ਚਾਨਣਾ ਪਾਇਆ ਅਤੇ ਸਾਰਿਆਂ ਨੂੰ ਪਰਿਵਾਰ ਦੇ ਇਸ ਮਜ਼ਬੂਤ ਥੰਮ੍ਹ ਦੀ ਮਹੱਤਤਾ ਨੂੰ ਸਮਝਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਇਹ ਦਿਨ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ-ਦਾਦੀ ਦੇ ਰਿਸ਼ਤੇ ਨੂੰ ਮਜ਼ਬੂਤ ਕਰਨ ਦਾ ਇੱਕ ਯਤਨ ਹੈ।ਪ੍ਰੋਗਰਾਮ ਦੇ ਆਖਰੀ ਪੜਾਅ ਵਿੱਚ, ਸਾਰੇ ਮਾਪਿਆਂ ਅਤੇ ਦਾਦਾ-ਦਾਦੀ ਨੇ ਭੰਗੜਾ ਅਤੇ ਗਿੱਧਾ ਵੀ ਖੇਡਿਆ, ਜਿਸਨੇ ਪੂਰੇ ਮਾਹੌਲ ਨੂੰ ਖੁਸ਼ੀ ਅਤੇ ਉਤਸ਼ਾਹ ਨਾਲ ਭਰ ਦਿੱਤਾ। ਇਸ ਖੁਸ਼ੀ ਭਰੇ ਸਮਾਗਮ ਨੇ ਪੀੜ੍ਹੀਆਂ ਵਿੱਚ ਪਿਆਰ ਅਤੇ ਏਕਤਾ ਨੂੰ ਹੋਰ ਮਜ਼ਬੂਤ ਕੀਤਾ।ਸਕੂਲ ਦੀ ਪ੍ਰਿੰਸੀਪਲ ਮੋਨਿਕਾ ਕਪੂਰ ਨੇ ਸਾਰਿਆਂ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਬਜ਼ੁਰਗ ਸਮਾਜ ਦੀ ਵਿਰਾਸਤ ਹਨ ਅਤੇ ਉਨ੍ਹਾਂ ਦਾ ਮਾਰਗਦਰਸ਼ਨ ਹਮੇਸ਼ਾ ਪ੍ਰੇਰਨਾਦਾਇਕ ਹੁੰਦਾ ਹੈ। ਸਕੂਲ ਭਵਿੱਖ ਵਿੱਚ ਵੀ ਪਰਿਵਾਰਾਂ ਵਿੱਚ ਆਪਸੀ ਪਿਆਰ ਅਤੇ ਸਦਭਾਵਨਾ ਨੂੰ ਉਤਸ਼ਾਹਿਤ ਕਰਨ ਲਈ ਅਜਿਹੇ ਸਮਾਗਮਾਂ ਦਾ ਆਯੋਜਨ ਕਰਦਾ

# ਦੇਸ਼ ਲਈ ਅਹਿਮ ਸੰਕਲਪ ਮਨ ਵਿੱਚ ਲੈ ਕੇ ਖਡੂਰ ਸਾਹਿਬ ਦੀ ਧਰਤੀ ਤੋਂ ਰਵਾਨਾ ਹੋਏ ਨੌਜਵਾਨ ਕੈਂਪ ਦੌਰਾਨ 'ਭਾਰਤ ਕੀ ਸੰਤਾਨ' ਦੇ ਪ੍ਰੋਗਰਾਮ ਨੇ ਸਭਨਾਂ ਦਾ ਦਿਲ ਮੋਹ ਲਿਆ

## ਹੁਣ ਨੌਜਵਾਨ ਆਪੋ-ਆਪਣੇ ਪ੍ਰਾਂਤਾਂ 'ਚ ਜਾ ਕੇ ਅਦਾ ਕਰਨਗੇ ਅਹਿਮ ਭੂਮਿਕਾ





ਖਡੂਰ ਸਾਹਿਬ, 8 ਫਰਵਰੀ: ਆਪਣੇ ਦੇਸ਼ ਖਾਤਰ ਮਨ 'ਚ ਅਹਿਮ ਸੰਕਲਪਾਂ ਨੂੰ ਲੈ ਕੇ ਦੇਸ਼ ਦੇ ਕੋਨੇ-ਕੋਨੇ ਤੋਂ ਆਏ ਨੌਜਵਾਨ ਅੱਜ ਖਡੂਰ ਸਾਹਿਬ ਦੀ ਪਵਿੱਤਰ ਧਰਤੀ ਤੋਂ ਰਵਾਨਾ ਹੋ ਗਏ। ਭਾਰਤ ਦੇ ਵੱਖ-ਵੱਖ ਰਾਜਾਂ ਤੋਂ ਪਿਛਲੇ 5 ਦਿਨਾਂ ਤੋਂ ਰਾਸ਼ਟਰੀ ਸਦਭਾਵਨਾ ਅਤੇ ਮਿਲਵਰਤਨ ਤਹਿਤ ਨੈਸ਼ਨਲ ਯੂਥ ਪ੍ਰੋਜੈਕਟ ਕੈਂਪ 'ਚ ਹਿੱਸਾ ਲੈਣ ਆਏ ਨੌਜਵਾਨ ਮੁੰਡੇ ਕੁੜੀਆਂ ਦਾ ਕਹਿਣਾ ਹੈ ਕਿ ਉਹ ਜੋ ਗੱਲਾਂ, ਤਜ਼ਰਬੇ, ਗੁਣ, ਵੱਖ-ਵੱਖ ਰਾਜਾਂ ਦਾ ਰਹਿਣ ਸਹਿਣ, ਖਾਣਾ-ਪੀਣਾ, ਨਾਚ, ਗਾਣੇ, ਸੱਭਿਆਚਾਰ, ਬੋਲੀ ਜੋ ਸਾਰੀ ਜ਼ਿੰਦਗੀ ਘੁੰਮ ਫਿਰ ਕੇ ਹਾਸਲ ਨਹੀਂ ਕਰ ਸਕਦੇ ਸਨ, ਉਨ੍ਹਾਂ ਨੂੰ ਹੁਣ ਇਹ ਸਾਰਾ ਕੁੱਝ ਨੈਸ਼ਨਲ ਯੂਥ ਪ੍ਰੋਜੈਕਟ ਰਾਹੀਂ ਨਸੀਬ ਹੋ ਗਿਆ ਹੈ। ਉਹਨਾਂ ਦਾ ਕਹਿਣਾ ਹੈ ਕਿ ਉਹ ਰਾਸ਼ਟਰੀ ਸਦਭਾਵਨਾ, ਸਾਂਝ, ਮਿਲਵਰਤਨ, ਦੇਸ਼ ਪ੍ਰੇਮ ਅਤੇ ਆਪਸੀ ਭਾਈਚਾਰੇ ਦੇ ਮਿਸ਼ਨ ਤੇ ਹੁਣ ਕੋਈ ਕਸਰ ਨਹੀਂ ਰਹਿਣ ਦੇਣਗੇ। ਕੈਂਪ ਦੌਰਾਨ ਉਨ੍ਹਾਂ ਖਡੂਰ ਸਾਹਿਬ ਵਿਖੇ ਕਈ ਪ੍ਰੋਜੈਕਟ ਵਰਕ ਕਰਕੇ ਹੱਥੀ ਕਿਰਤ ਕਰਨ ਦਾ ਵੀ ਸੰਦੇਸ਼ ਦਿੱਤਾ। ਕੈਂਪ 'ਚ ਡਾ: ਐਸ.ਐੱਨ.ਸੁਬਾਰਾਓ ਦੇ 96 ਵੇਂ ਜਨਮ ਦਿਨ ਨੂੰ ਮਨਾ ਕੇ ਸਮੂਹ ਰਾਜਾਂ ਦੇ ਨੌਜਵਾਨਾਂ ਦੁਆਰਾ ਮਿਲ ਕੇ ਉਨ੍ਹਾਂ ਦੀ ਯਾਦ ਵਿੱਚ ਵਿਚਾਰ ਚਰਚਾ ਕੀਤੀ ਗਈ। ਸਮੂਹ ਸਾਥੀਆਂ ਨੂੰ ਉਨ੍ਹਾਂ ਦੇ ਪੂਰੇ ਜੀਵਨ ਦੀ ਇੱਕ ਡਾਕੂਮੈਂਟਰੀ ਫਿਲਮ ਵੀ ਵਿਖਾਈ ਗਈ। ਜੋ ਕਿ ਇਸ ਪ੍ਰੋਜੈਕਟ ਦੇ ਮੈਨੇਜਿੰਗ ਟਰੱਸਟੀ ਗੁਰਦੇਵ ਸਿੰਘ ਸਿੱਧੂ ਦੁਆਰਾ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਤਿਆਰ ਕੀਤੀ ਗਈ ਸੀ। ਮਿਤੀ 4 ਫਰਵਰੀ ਤੋਂ ਚੱਲ ਰਹੇ ਇਸ ਕੈਂਪ ਦੇ ਆਖੀਰਲੇ ਦਿਨ ਡਾ: ਚੇਤਨ ਸਿੰਘ ਰਿਟਾਇਰਡ ਡਾਇਰੈਕਟਰ ਭਾਸ਼ਾ ਵਿਭਾਗ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਕੇ ਕੋਨੇ-ਕੋਨੇ ਤੋਂ ਆਏ ਨੌਜਵਾਨਾਂ ਨੂੰ ਇੱਕ ਖੂਬਸੂਰਤ ਭਾਰਤ ਸਿਰਜਣ ਦਾ ਅਹਿਮ ਸੰਦੇਸ਼ ਦਿੱਤਾ। ਇਸ ਰਾਸ਼ਟਰ ਪੱਧਰੀ ਕੈਂਪ ਦੀ ਬਹੁਤ ਹੀ ਖੂਬਸੂਰਤੀ ਨਾਲ ਸਾਰੀ ਯੋਜਨਾ ਗੁਰਦੇਵ ਸਿੰਘ ਸਿੱਧੂ ਅਤੇ ਅਮਰੀਕ ਸਿੰਘ ਕਲੇਰ ਦੁਆਰਾ ਕੀਤੀ ਗਈ ਸੀ। ਰਾਸ਼ਟਰ ਪੱਧਰੀ ਇਹ ਕੈਂਪ ਸ਼੍ਰੀ ਗੁਰੂ ਅੰਗਦ ਦੇਵ ਕਾਲਜ ਖਡੂਰ ਸਾਹਿਬ ਦੇ ਵਿਸ਼ੇਸ਼ ਸਹਿਯੋਗ ਨਾਲ ਪੂਰੇ ਯੋਜਨਾਬੱਧ ਤਰੀਕੇ ਨਾਲ ਅਨੁਸ਼ਾਸ਼ਨ ਵਿੱਚ ਰਹਿ ਕੇ ਚੱਲਿਆ। ਜਿਸ ਵਿੱਚ ਕਾਲਜ ਦੇ ਪ੍ਰਿੰਸੀਪਲ ਡਾ: ਬਲਵੰਤ ਸਿੰਘ ਸੰਧੂ ਨੇ ਅਹਿਮ ਭੂਮਿਕਾ ਨਿਭਾਈ। ਕੈਂਪ ਦੌਰਾਨ 'ਭਾਰਤ ਕੀ ਸੰਤਾਨ' ਦੇ ਹੋਏ ਵਿਸ਼ੇਸ਼ ਪ੍ਰੋਗਰਾਮ ਨੇ ਸਭ ਦਾ ਦਿਲ ਮੋਹ ਲਿਆ। ਜਿਸ ਵਿੱਚ ਦੇਸ਼ ਦੀਆਂ 18 ਭਾਸ਼ਾਵਾਂ ਨੂੰ ਉਨ੍ਹਾਂ ਦੇ ਉੱਥੋਂ ਦੇ ਨੌਜਵਾਨਾਂ ਦੁਆਰਾ ਆਪਣੇ ਕਲਚਰ, ਪਹਿਰਾਵੇ 'ਚ ਨੱਚ ਟੱਪ ਕੇ ਸਭਨਾਂ ਦੇ ਰੂਬਰੂ ਕੀਤਾ ਗਿਆ। ਨੌਜਵਾਨਾਂ ਨੂੰ ਤਸੱਲੀ ਹੈ ਕਿ ਹੁਣ ਉਨ੍ਹਾਂ ਲਈ ਪੂਰਾ ਭਾਰਤ ਇੱਕ ਆਪਣੇ ਪਰਿਵਾਰ ਦੀ ਤਰ੍ਹਾਂ ਬਣ ਗਿਆ ਹੈ। ਇਸ ਟਰੱਸਟ ਦੇ ਸੀਨੀਅਰ ਸਾਥੀ ਸੁਧੀਰ ਭਾਈ ਗੋਇਲ, ਸੰਜੇ ਰਾਏ, ਸੁਰੇਸ਼ ਰਾਠੀ, ਆਰ.ਸੀ. ਗੁਪਤਾ, ਜਗਦੀਸ਼ ਚੌਧਰੀ, ਅਜੈ ਪਾਂਡੇ ਅਤੇ ਟਰੱਸਟ ਮੈਂਬਰਾਂ ਨੇ ਆਪਣੇ ਅਹਿਮ ਤਜ਼ਰਬੇ ਸਾਂਝੇ ਕੀਤੇ। ਵੱਖ-ਵੱਖ ਰਾਜਾਂ ਤੋਂ ਆਏ ਨੌਜਵਾਨਾਂ ਨੇ ਆਪੋ ਆਪਣੇ ਪ੍ਰਾਂਤਾਂ ਤੋਂ ਲਿਆਂਦੇ ਪੌਦੇ ਬਾਬਾ ਸੇਵਾ ਸਿੰਘ ਜੀ ਦੀ ਨਰਸਰੀ ਨੂੰ ਭੇਟ ਕੀਤੇ। ਪ੍ਰੈੱਸ ਨੋਟ ਜਾਰੀ ਕਰਦਿਆਂ ਰਾਜੇਸ਼ ਬੁਢਲਾਡਾ ਨੇ ਕਿਹਾ ਕਿ ਸੁਪਨਿਆਂ ਦਾ ਇੱਕ ਖੂਬਸੂਰਤ ਭਾਰਤ ਸਿਰਜਣ ਲਈ ਇਹੋ ਜਿਹੇ ਕੈਂਪ ਲੱਗਣੇ ਬਹੁਤ ਹੀ ਜ਼ਰੂਰੀ ਹਨ। ਇਸ ਕੈਂਪ ਵਿੱਚ ਮਹਾਂਰਾਸ਼ਟਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਝਾਰਖੰਡ, ਪਾਂਡੇਚਿਰੀ, ਹਿਮਾਚਲ ਪ੍ਰਦੇਸ਼, ਜੰਮੂ ਕਸ਼ਮੀਰ, ਮੱਧ ਪ੍ਰਦੇਸ਼, ਹਰਿਆਣਾ, ਛੱਤੀਸਗੜ੍ਹ, ਦਿੱਲੀ, ਬਿਹਾਰ, ਕਰਨਾਟਕਾ, ਗੁਜਰਾਤ ਤੋਂ ਇਲਾਵਾ ਮੇਜ਼ਮਾਨ ਰਾਜ ਪੰਜਾਬ ਸ਼ਾਮਿਲ ਸੀ।

# ਅਰਵਿੰਦ ਕੇਜਰੀਵਾਲ ਹੋਣਗੇ ਪੰਜਾਬ ਦੇ ਮੁੱਖ ਮੰਤਰੀ ? ਦਿੱਲੀ ਦੀ ਹਾਰ ਤੋਂ ਬਾਅਦ ਸੀਨੀਅਰ ਕਾਂਗਰਸੀ ਆਗੂ ਨੇ ਕੀਤੀ ਭਵਿੱਖਬਾਣੀ



ਚੰਡੀਗੜ੍ਹ, 08 ਫਰਵਰੀ ( ਮਲਕੀਤ ਸਿੰਘ ਭਾਮੀਆਂ ਪ੍ਰੈਸ ਬਿਊਰੋ ਚੀਫ ) :- ਦਿੱਲੀ 'ਚ ਆਮ ਆਦਮੀ ਪਾਰਟੀ ਦੀ ਹਾਰ ਤੋਂ ਬਾਅਦ ਪੰਜਾਬ ਕਾਂਗਰਸ ਦੇ ਸੀਨੀਅਰ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਵੱਡਾ ਖੁਲਾਸਾ ਕੀਤਾ ਹੈ। ਭਾਜਪਾ ਨੇ ਕਿਹਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਏਕਨਾਥ ਸ਼ਿੰਦੇ ਹੋ ਸਕਦੇ ਹਨ। ਦਿੱਲੀ ਦੇ ਨਤੀਜਿਆਂ 'ਤੇ ਬੋਲਦਿਆਂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਕਿ ਕੇਜਰੀਵਾਲ ਹੁਣ ਪੰਜਾਬ ਦੇ ਮੁੱਖ ਮੰਤਰੀ ਬਣਨਗੇ। ਉਨ੍ਹਾਂ ਇਹ ਵੀ ਦਾਅਵਾ ਕੀਤਾ ਕਿ ਹੁਣ "ਆਪ" ਵਿੱਚ ਵੱਡੀ ਉਥਲ - ਪੁਥਲ ਹੋਵੇਗੀ। ਬਾਜਵਾ ਉਨ੍ਹਾਂ ਕਾਂਗਰਸੀ ਆਗੂਆਂ 'ਚ ਸ਼ਾਮਲ ਹਨ ਜੋ ਹਮੇਸ਼ਾ "ਆਪ" ਨਾਲ ਕਾਂਗਰਸ ਦੇ ਗਠਜੋੜ ਦੇ ਖਿਲਾਫ ਰਹੇ ਹਨ। ਬਾਜਵਾ ਨੇ ਦਿੱਲੀ 'ਚ "ਆਪ" ਦੀ ਹਾਰ ਤੋਂ ਬਾਅਦ ਪਾਰਟੀ ਦੀ ਸੂਬਾ ਇਕਾਈ 'ਚ ਫੁੱਟ ਦੀ ਭਵਿੱਖਬਾਣੀ ਕਰਨ ਦਾ ਦਾਅਵਾ ਕੀਤਾ ਹੈ। ਬਾਜਵਾ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਮਹਾਰਾਸ਼ਟਰ ਦੇ ਏਕਨਾਥ ਸ਼ਿੰਦੇ ਵਾਂਗ ਹੋ ਸਕਦੇ ਹਨ। ਉਨ੍ਹਾਂ ਇਹ ਵੀ ਕਿਹਾ ਕਿ "ਆਪ" ਦੇ 30 ਤੋਂ ਵਧ ਵਿਧਾਇਕ ਕਾਂਗਰਸ ਦੇ ਸੰਪਰਕ ਵਿੱਚ ਹਨ। ਇਹ ਵਿਧਾਇਕ ਪਾਰਟੀਆਂ ਬਦਲਣ ਲਈ ਤਿਆਰ ਹਨ। ਦਿੱਲੀ ਦੀ ਸੱਤਾ 'ਤੇ ਕਬਜ਼ਾ ਹੋਣ ਤੋਂ ਬਾਅਦ ਆਮ ਆਦਮੀ ਪਾਰਟੀ ( ਆਪ ) ਨੇ ਪੰਜਾਬ 'ਚ 2022 ਦੀਆਂ ਚੋਣਾਂ 'ਚ ਸ਼ਾਨਦਾਰ ਜਿੱਤ ਹਾਸਲ ਕੀਤੀ ਸੀ। 117 ਮੈਂਬਰੀ ਪੰਜਾਬ ਵਿਧਾਨ ਸਭਾ ਵਿੱਚ ਆਮ ਆਦਮੀ ਪਾਰਟੀ ਨੇ 92 ਸੀਟਾਂ ਜਿੱਤੀਆਂ ਸਨ। ਮੌਟੇ ਤੌਰ ਤੇ 'ਆਪ' ਵਿਧਾਇਕਾਂ ਦੀ ਮੌਜੂਦਾ ਗਿਣਤੀ 93 ਹੈ ਅਜਿਹੇ 'ਚ ਭਗਵੰਤ ਮਾਨ ਸਰਕਾਰ ਨੂੰ ਫਿਲਹਾਲ ਕੋਈ ਖਤਰਾ ਨਜ਼ਰ ਨਹੀਂ ਆ ਰਿਹਾ ਹੈ ਪਰ ਕਾਂਗਰਸ ਨੇਤਾ ਨੇ ਦਿੱਲੀ ਦੇ ਨਤੀਜਿਆਂ 'ਤੇ ਚੁਟਕੀ ਲਈ ਹੈ। ਅਮਨ ਅਰੋੜਾ ਦੇ ਬਿਆਨ ਨੇ ਬਣਾਇਆ ਮੁੱਦਾ ! ਪ੍ਰਤਾਪ ਸਿੰਘ ਬਾਜਵਾ ਨੇ "ਆਪ" ਦੇ ਪ੍ਰਧਾਨ ਅਮਨ ਅਰੋੜਾ ਦੀਆਂ ਹਾਲੀਆ ਟਿੱਪਣੀਆਂ ਦਾ ਹਵਾਲਾ ਦਿੰਦੇ ਹੋਏ "ਆਪ" ਅੰਦਰ ਟਕਰਾਅ ਦਾ ਜਿਕਰ ਕੀਤਾ ਹੈ। ਅਰੋੜਾ ਨੇ ਕਿਹਾ ਕਿ ਸੀ ਪੰਜਾਬ ਲਈ ਸਿੱਖ ਮੁੱਖ ਮੰਤਰੀ ਦਾ ਹੋਣਾ ਜਰੂਰੀ ਨਹੀਂ ਹੈ। ਬਾਜਵਾ ਦਾ ਮੰਨਣਾ ਹੈ ਕਿ ਇਹ ਬਿਆਨ ਪਾਰਟੀ ਦੀ ਸਿਖਰਲੀ ਲੀਡਰਸ਼ਿਪ ਨੇ ਅਰਵਿੰਦ ਕੇਜਰੀਵਾਲ ਦੇ ਪੰਜਾਬ ਵਿੱਚ ਸੰਭਾਵਿਤ ਤਬਾਦਲੇ ਦੀ ਤਿਆਰੀ ਵਿੱਚ ਤਿਆਰ ਕੀਤਾ ਸੀ। ਬਾਜਵਾ ਨੇ ਦੋਸ਼ ਲਾਇਆ ਕਿ ਕੇਜਰੀਵਾਲ ਨੂੰ ਮੈਦਾਨ ਵਿੱਚ ਉਤਾਰਨ ਦੀ ਕੋਸ਼ਿਸ਼ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਦਿੱਲੀ 'ਚ "ਆਪ" ਦੀ ਮਾੜੀ ਕਾਰਗੁਜ਼ਾਰੀ ਦਾ ਅਰਵਿੰਦ ਕੇਜਰੀਵਾਲ ਨੂੰ ਪਹਿਲਾਂ ਹੀ ਅਹਿਸਾਸ ਹੋ ਗਿਆ ਸੀ। ਅਜਿਹੀ ਸਥਿਤੀ 'ਚ ਤੁਹਾਡੇ ਵਿੱਚ ਗੜਬੜ ਹੋਣੀ ਲਾਜ਼ਮੀ ਹੈ।

# ਦਿੱਲੀ ਵਿੱਚ ਝੂਠ ਦਾ ਅਧਿਆਏ ਖਤਮ ! ਦਿੱਲੀ ਵਾਸੀਆਂ ਨੂੰ ਹਾਰਦਿਕ ਵਧਾਈ ਅਤੇ ਧੰਨਵਾਦ ॥ ਹੁਣ ਪੰਜਾਬ ਦੀ ਵਾਰੀ - ਪ੍ਰੈਸ ਸੂਬਾ ਸਕੱਤਰ ਹਰਦੇਵ ਸਿੰਘ ਉੱਭਾ



ਫਤਹਿਗੜ੍ਹ ਸਾਹਿਬ, 08 ਫਰਵਰੀ ( ਮਲਕੀਤ ਸਿੰਘ ਭਾਮੀਆਂ ਪ੍ਰੈਸ ਬਿਊਰੋ ਚੀਫ ) :- ਪੰਜਾਬ ਭਾਜਪਾ ਦੇ ਸੀਨੀਅਰ ਲੀਡਰ ਤੇ ਸੂਬਾ ਪ੍ਰੈਸ ਸਕੱਤਰ ਹਰਦੇਵ ਸਿੰਘ ਉੱਭਾ ਨੇ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਜਿੱਤ ਤੇ ਖੁੱਸ਼ੀ ਦਾ ਇਜ਼ਹਾਰ ਕਰਦਿਆਂ 'ਤੇ ਭਾਜਪਾ ਵਰਕਰਾਂ ਨੂੰ ਵਧਾਈਆਂ ਦਿੰਦੇ ਹੋਏ ਕਿਹਾ ਕਿ ਦਿੱਲੀ ਦਾ ਦਿੱਲੀ ਵਿੱਚੋਂ ਝੂਠ ਦਾ ਅਧਿਆਏ ਖਤਮ ਹੋ ਗਿਆ ਹੈ, ਇਸ ਲਈ ਦਿੱਲੀ ਵਾਸੀਆਂ ਨੂੰ ਹਾਰਦਿਕ ਵਧਾਈਆਂ 'ਤੇ ਬਹੁਤ ਬਹੁਤ ਧੰਨਵਾਦ, ਉਨ੍ਹਾਂ ਕਿਹਾ ਕਿ ਹੁਣ ਪੰਜਾਬ ਦੀ ਵਾਰੀ ਹੈ, ਪੰਜਾਬੀ ਵੀ ਭਾਜਪਾ ਨੂੰ ਮੌਕਾ ਦੇਣਗੇ, ਹਰਦੇਵ ਸਿੰਘ ਉੱਭਾ ਨੇ ਕਿਹਾ ਕਿ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਦੀ ਸਰਕਾਰ ਦਿੱਲੀ ਦੀ ਜਨਤਾ ਨੂੰ ਸਾਫ ਸੁਥਰਾ ਪਾਣੀ 'ਤੇ ਹੋਰ ਲੋੜੀਂਦੀਆਂ ਸਹੂਲਤਾਂ ਮੁਹੱਈਆ ਕਰਵਾਉਣ ਵਿੱਚ ਨਾਕਾਮ ਸਾਬਿਤ ਹੋਈ, ਸਿਰਫ ਸ਼ਰਾਬ ਦਾ ਪ੍ਰਚਾਰ ਕਰਨ ਵਿੱਚ ਨਾਕਾਮ ਵਿੱਚ ਮਸਤ ਰਹੀ। ਉਨ੍ਹਾਂ ਕਿਹਾ ਕਿ ਦਿੱਲੀ ਦੀ ਭਾਜਪਾ ਸਰਕਾਰ ਦਿੱਲੀ ਵਾਸੀਆਂ ਦੀਆਂ ਉਮੀਦਾਂ 'ਤੇ ਖਰਾ ਉਤਰੇਗੀ 'ਤੇ ਦਿੱਲੀ ਦਾ ਵਿਕਾਸ ਕਰੇਗੀ।

# ਲੇਖਕ ਸ਼ਮਿੰਦਰ ਸਿੰਘ ਭੱਕੂ ਮਾਜਰਾ ਵੱਲੋਂ ਲਿਖੀ ਪੁਸਤਕ ਪੰਥਕ ਪੁਆਧੀ ਹੀਰੇ ਵਿਦਵਾਨਾਂ ਦੇ ਪ੍ਰਭਾਵਸ਼ਾਲੀ ਇਕੱਠ ਵਿੱਚ ਕੀਤੀ ਲੋਕ ਅਰਪਣ*





ਸ੍ਰੀ ਚਮਕੌਰ ਸਾਹਿਬ 08 ਫਰਵਰੀ (ਹਰਦਿਆਲ ਸਿੰਘ ਸੰਧੂ)
ਸ਼ਹੀਦਾਂ ਦੀ ਧਰਤੀ ਸ੍ਰੀ ਚਮਕੌਰ ਸਾਹਿਬ ਦੇ ਮਹਾਨ ਇਤਿਹਾਸਕ ਅਸਥਾਨ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਤਾਲਾਪੁਰ ਵਿਖੇ ਗੁਰੂ ਗ੍ਰੰਥ ਸਾਹਿਬ ਜੀ ਦੇ ਸਨਮੁੱਖ ਸ਼ੁਕਰਾਨੇ ਦੀ ਅਰਦਾਸ ਨਾਲ ਆਰੰਭ ਹੋਇਆ ਸਮਾਗਮ ਜਿਸ ਵਿੱਚ ਭਾਈ ਧਰਮਪ੍ਰੀਤ ਸਿੰਘ ਅਤੇ ਰਣਜੋਧ ਸਿੰਘ ਨੇ ਬੀਰ ਰਸੀ ਕਵੀਸ਼ਰੀ ਅਤੇ ਜਗਤਾਰ ਸਿੰਘ 'ਜੋਗ' ਨੇ ਧਾਰਮਿਕ ਗੀਤ ਪੇਸ਼ ਕੀਤੇ।

ਬਾਬਾ ਸੁਖਵਿੰਦਰ ਸਿੰਘ ਅਨਹਦ ਅਤੇ ਭਾਈ ਰਾਜਿੰਦਰ ਸਿੰਘ ਨਨੂਆ ਸੈਣੀ ਭਵਨ ਰੋਪੜ ਦੀ ਅਗਵਾਈ ਵਿੱਚ ਹੋਏ ਇਸ ਵਿਸ਼ਾਲ ਅਤੇ ਪ੍ਰਭਾਵਸ਼ਾਲੀ ਸਮਾਗਮ ਵਿੱਚ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ, ਸ੍ਰੀ ਯਸ਼ ਆਹਲੂਵਾਲੀਆ ਜੀ ਜਸਟਿਸ ਆਫ ਪੀਸ ਯੂਕੇ, ਪ੍ਰਿੰਸੀਪਲ ਬਹਾਦਰ ਸਿੰਘ ਗੋਸਲ ਪ੍ਰਧਾਨ ਜੈਤਾ ਜੀ ਫਾਊਂਡੇਸ਼ਨ ਆਫ ਇੰਡੀਆ ਅਤੇ ਪੰਜਾਬੀ ਪ੍ਰਸਾਰ ਸਭਾ ਚੰਡੀਗੜ੍ਹ, ਪ੍ਰਿੰਸੀਪਲ ਸੁਰਮੁਖ ਸਿੰਘ ਜੀ ਬੇਲਾ, ਪ੍ਰੋ ਅਮਰਿੰਦਰ ਸਿੰਘ ਮਿਸ਼ਨਰੀ ਕਾਲਜ, ਡਾਕਟਰ ਹਰਜਸ ਕੌਰ ਚਾਵਲਾ, ਡਾ ਜਸਵੰਤ ਕੌਰ ਸੈਣੀ, ਪ੍ਰਿੰ ਰਵਿੰਦਰ ਕੌਰ ਰੋਪੜ, ਪ੍ਰੋ ਨਿਰਮਲ ਸਿੰਘ ਮਨੈਲੀ, ਐਡਵੋਕੇਟ ਕਮਲ ਕਟਲੀ, ਅਮਨਦੀਪ ਸੈਣੀ ਚੰਡੀਗੜ੍ਹ, ਮੇਹਰ ਸਿੰਘ ਲੌਂਗੀਆ, ਭੁਪਿੰਦਰ ਸਿੰਘ ਭਾਗੋਮਾਜਰਾ, ਸੁਰਜੀਤ ਸਿੰਘ ਨਨੂਆ ਕੰਗਣਾ ਬੇਟ, ਪ੍ਰੋ ਕੁਲਦੀਪ ਸਿੰਘ ਲੌਂਗੀਆ ਖਰੜ, ਜਸਵਿੰਦਰ ਸਿੰਘ ਸਮਾਜ ਸੰਘਰਸ਼ ਪਾਰਟੀ, ਹਰਚੰਦ ਸਿੰਘ ਜਖਵਾਲੀ, ਤੇਜਪਾਲ ਸਿੰਘ ਚੀਫ਼ ਇੰਜੀਨੀਅਰ, ਡਾ ਅਜਮੇਰ ਸਿੰਘ ਪ੍ਰਧਾਨ ਸੈਣੀ ਭਵਨ ਰੋਪੜ, ਦਵਿੰਦਰ ਸਿੰਘ ਜਟਾਣਾ ਟਰੱਸਟੀ, ਐਸਡੀਓ ਪ੍ਰਦੀਪ ਆਹਲੂਵਾਲੀਆ, ਸੰਤ ਹਰਦੀਪ ਸਿੰਘ ਜੀ, ਐਡਵੋਕੇਟ ਹਰਸਿਮਰ ਸਿੰਘ ਸਿੱਟਾ, ਕੈਪਟਨ ਹਰਪਾਲ ਸਿੰਘ ਸੰਧੂਆਂ, ਪ੍ਰਿੰਸੀਪਲ ਸਵਰਨ ਸਿੰਘ ਢੰਗਰਾਲੀ, ਸ ਸੁਰਿੰਦਰ ਸਿੰਘ ਰਸੂਲਪੁਰ, ਸਰਪੰਚ ਗੁਰਮੀਤ ਕੌਰ ਭੱਕੂ ਮਾਜਰਾ, ਮਨਪ੍ਰੀਤ ਕੌਰ ਕੋਟਲੀ, ਗੁਰਮੀਤ ਕੌਰ ਜਟਾਣਾ, ਦਲਵੀਰ ਕੌਰ ਰਾਜਿੰਦਰ ਕੌਰ ਮਾਤਾ ਸਾਹਿਬ ਕੌਰ ਮਹਿਲਾ ਮੰਡਲ, ਨੰਬਰਦਾਰ ਸਾਧੂ ਸਿੰਘ ਤਾਲਾ ਪੁਰ, ਭਾਈ ਸਪਿੰਦਰ ਸਿੰਘ ਚੈੜੀਆਂ, ਰਣਜੋਧ ਸਿੰਘ ਕਿਸ਼ਨਪੁਰਾ, ਪ੍ਰਗਟ ਸਿੰਘ ਰੌਲੂ ਮਾਜਰਾ, ਤਲਵਿੰਦਰ ਸਿੰਘ ਗੱਗੋਂ, ਦੀਦਾਰ ਸਿੰਘ ਠਹਿਰ, ਕਮਲਜੀਤ ਸਿੰਘ ਸੱਲੋਮਾਜਰਾ, ਸੁਰਜੀਤ ਸਿੰਘ ਗਧਰਾਮ, ਜੁਝਾਰ ਸਿੰਘ ਖੇੜੀ, ਜਗਦੀਸ਼ ਲਾਲ ਰਿਟਾ. ਐਸਡੀਓ, ਬਾਬਾ ਸੰਤੋਖ ਸਿੰਘ ਅਰਗੋਵਾਲ, ਅਸ਼ੋਕ ਸ਼ਰਮਾ ਰੋਪੜ, ਹਰਜੀਤ ਸਿੰਘ ਲੌਂਗੀਆ ਸੂਬਾ ਪ੍ਰਧਾਨ, ਮਦਨ ਗੋਪਾਲ ਸੈਣੀ, ਜਨਰਲ ਸਕੱਤਰ ਸੈਣੀ ਮਹਾਂ ਸਭਾ, ਅਜਮੇਰ ਸਿੰਘ ਕੋਟਲਾ ਸਮੇਤ ਵੱਡੀ ਗਿਣਤੀ ਵਿੱਚ ਸੰਗਤਾਂ ਮੌਜੂਦ ਸਨ।

ਇਸ ਸਮਾਗਮ ਦੌਰਾਨ *ਅਮਰ ਸ਼ਹੀਦ ਬਾਬਾ ਗੁਰਸਾ ਸਿੰਘ ਗਹੂੰਣੀਆ, ਅਮਰ ਸ਼ਹੀਦ ਬੀਬੀ ਸ਼ਰਨ ਕੌਰ ਪਾਬਲਾ ਅਤੇ ਪਹਿਲੀ ਵਿਸ਼ਵ ਜੰਗ ਦੇ ਬਹਾਦਰੀ ਸਨਮਾਨ ਜੇਤੂ ਜਮਾਦਾਰ ਗੁਰਮੁਖ ਸਿੰਘ ਸੈਣੀ ਗਧਰਾਮ* ਦੇ ਅੰਸ਼ ਬੰਸ ਅਤੇ ਵਾਰਸਾਂ ਦਾ ਵਿਸ਼ੇਸ਼ ਤੌਰ ਉੱਤੇ ਸਨਮਾਨ ਕੀਤਾ ਗਿਆ।

ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਨੇ ਆਪਣੇ ਸੰਬੋਧਨ ਵਿੱਚ ਲੇਖਕ ਭਾਈ ਸ਼ਮਿੰਦਰ ਸਿੰਘ ਦੀਆਂ ਪੰਥਕ ਅਤੇ ਪੰਜਾਬ ਪੱਖੀ ਧਾਰਮਿਕ, ਸਮਾਜਕ, ਵਿਦਿਅਕ ਅਤੇ ਸਾਹਿਤਕ ਸੇਵਾਵਾਂ ਦੀ ਪ੍ਰਸੰਸਾ ਕਰਦਿਆਂ *"ਪੰਥਕ ਪੁਆਧੀ ਹੀਰੇ"* ਪੁਸਤਕ ਨੂੰ ਇੱਕ ਨਿਵੇਕਲੀ ਸ਼ਖ਼ਸੀਅਤ ਵੱਲੋਂ ਆਪਣੇ ਨਿਵੇਕਲੇ ਵਡੇਰਿਆਂ ਦੀ ਨਿਵੇਕਲੀ ਇਤਿਹਾਸਕ ਦੇਣ ਨੂੰ ਨਿਵੇਕਲੇ ਅੰਦਾਜ਼ ਨਾਲ ਸਤਿਕਾਰ ਕਰਾਰ ਦਿੱਤਾ। ਉਹਨਾਂ ਨੇ ਪੁਸਤਕ ਲੋਕ ਅਰਪਣ ਸੰਬੰਧੀ ਵਿਦਵਾਨਾਂ ਦੇ ਵਿਸ਼ਾਲ ਇਕੱਠ ਨੂੰ ਵੀ ਇੱਕ ਅਤਿਅੰਤ ਨਿਵੇਕਲਾ ਅਤੇ ਸਫਲ ਉਪਰਾਲਾ ਕਰਾਰ ਦਿੰਦਿਆਂ ਮੁਬਾਰਕਬਾਦ ਦਿੱਤੀ । ਹੋਰਨਾਂ ਸਭ ਬੁਲਾਰਿਆਂ ਨੇ ਵੀ ਆਪਣੇ ਵਲੋਂ ਸ਼ਮਿੰਦਰ ਸਿੰਘ ਨੂੰ ਸਫ਼ਲ ਉਪਰਾਲੇ ਲਈ ਮੁਬਾਰਕਾਂ ਦਿੱਤੀਆਂ। ਅੰਤ ਵਿੱਚ ਲੇਖਕ ਭਾਈ ਸ਼ਮਿੰਦਰ ਸਿੰਘ ਅਤੇ ਬਾਬਾ ਸੁਖਵਿੰਦਰ ਸਿੰਘ ਅਨਹਦ ਨੇ ਸਾਰੇ ਵਿਦਵਾਨ ਅਤੇ ਸੰਗਤਾਂ ਦਾ ਧੰਨਵਾਦ ਕੀਤਾ।

ਸਮਾਗਮ ਦੌਰਾਨ ਚਾਹ ਪਕੌੜਿਆਂ ਅਤੇ ਦਾਲ ਪ੍ਰਸ਼ਾਦਿਆਂ ਦਾ ਲੰਗਰ ਅਤੁੱਟ ਵਰਤਿਆ। ਗੁਰਮਤਿ ਮਿਸ਼ਨਰੀ ਕਾਲਜ ਚੌਂਤਾ ਕਲਾਂ ਦਾ ਇਸ ਸਮਾਗਮ ਨੂੰ ਸਫ਼ਲ ਬਣਾਉਣ ਵਿਚ ਵਿਸ਼ੇਸ਼ ਸਹਿਯੋਗ ਰਿਹਾ।

# ਨਵੇਂ ਸਕੇਲਾਂ ਦੀ ਥਾਂ ਪੰਜਾਬ ਪੇਅ ਸਕੇਲ ਬਹਾਲ ਕਰਨ ਦਾ ਅਦਾਲਤੀ ਫੈਸਲਾ ਲਾਗੂ ਕੀਤਾ ਜਾਵੇ- ਡੀ.ਟੀ.ਐੱਫ.

## 14 ਫ਼ਰਵਰੀ ਨੂੰ ਸਰਕਾਰ ਸੌਰਭ ਸ਼ਰਮਾ ਕੇਸ਼ ਵਿੱਚ ਪੰਜਾਬ ਦੇ ਸਮੂਹ ਮੁਲਾਜ਼ਮਾਂ ਤੇ ਪੰਜਾਬ ਪੇਅ ਸਕੇਲ ਲਾਗੂ ਕਰਨ ਲਈ ਹੋਵੇ ਵਚਨਬੱਧ



ਵਿਨੋਦ ਕੁਮਾਰ ਅੰਮ੍ਰਿਤਸਰ
ਡੈਮੋਕ੍ਰੈਟਿਕ ਟੀਚਰਜ਼ ਫਰੰਟ (ਡੀ.ਟੀ.ਐੱਫ.) ਪੰਜਾਬ ਨੇ 17 ਜੁਲਾਈ 2020 ਤੋਂ ਬਾਅਦ ਭਰਤੀ ਮੁਲਾਜ਼ਮਾਂ ਉੱਤੇ ਅੱਧੇ ਅਧੂਰੇ ਕੇਂਦਰੀ ਤਨਖ਼ਾਹ ਕਮਿਸ਼ਨ ਤਹਿਤ ਮਿਲਦੇ ਨਵੇਂ ਸਕੇਲਾਂ ਨੂੰ ਅਦਾਲਤੀ ਫ਼ੈਸਲੇ ਅਨੁਸਾਰ ਰੱਦ ਕਰਕੇ ਇਹਨਾਂ ਮੁਲਾਜ਼ਮਾਂ ਉੱਤੇ ਛੇਵਾਂ ਪੰਜਾਬ ਤਨਖ਼ਾਹ ਕਮਿਸ਼ਨ ਲਗਾਉਣ ਦੀ ਮੰਗ ਕੀਤੀ ਹੈ। ਦਰਅਸਲ ਪੰਜਾਬ ਪੇਅ ਸਕੇਲਾਂ ਦੀ ਬਹਾਲੀ ਦੇ ਹੱਕ ਵਿੱਚ ਆਏ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਫ਼ੈਸਲੇ ਨੂੰ ਪੰਜਾਬ ਸਰਕਾਰ ਵੱਲੋਂ ਦਿੱਤੀ ਚੁਣੌਤੀ ਨੂੰ ਸੁਪਰੀਮ ਕੋਰਟ ਵੱਲੋਂ ਖ਼ਾਰਜ ਕਰ ਦਿੱਤਾ ਗਿਆ ਹੈ ਅਤੇ ਅਜਿਹੇ ਕਰਮਚਾਰੀਆਂ ਲਈ ਕੇਂਦਰੀ ਸਕੇਲਾਂ ਦੀ ਥਾਂ ਪੰਜਾਬ ਸਕੇਲ ਬਹਾਲ ਕਰਨ ਦੇ ਆਦੇਸ਼ ਦਿੱਤੇ ਹਨ। ਪ੍ਰੰਤੂ ਇਸ ਅਦਾਲਤੀ ਫ਼ੈਸਲੇ ਨੂੰ ਲਾਗੂ ਕਰਨ ਦੀ ਥਾਂ ਪੰਜਾਬ ਸਰਕਾਰ ਵੱਲੋਂ ਇਸ ਤੋਂ ਬਚਣ ਦੇ ਰਾਹ ਤਲਾਸ਼ਣ ਵੱਲ ਵੱਧ ਧਿਆਨ ਦਿੱਤਾ ਜਾ ਰਿਹਾ ਹੈ, ਇਸੇ ਕਰਕੇ ਵਿੱਤ ਵਿਭਾਗ ਪੰਜਾਬ ਸਰਕਾਰ ਵੱਲੋਂ 31 ਜਨਵਰੀ 2025 ਨੂੰ ਪੱਤਰ ਜਾਰੀ ਕਰਕੇ ਅਜਿਹੇ ਮੁਲਾਜ਼ਮਾਂ ਲਈ ਕੇਂਦਰੀ ਸਕੇਲ ਲਾਗੂ ਕਰਨ ਲਈ ਸਾਰੇ ਵਿਭਾਗਾਂ ਨੂੰ 15 ਦਿਨਾਂ ਵਿੱਚ ਨਿਯਮ ਤਬਦੀਲ ਕਰਨ ਦੇ ਹੁਕਮ ਚਾੜ੍ਹੇ ਹਨ।

ਡੀ.ਟੀ.ਐੱਫ. ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਅਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ, ਜ਼ਿਲ੍ਹਾ ਅੰਮ੍ਰਿਤਸਰ ਜਨਰਲ ਸਕੱਤਰ ਗੁਰਬਿੰਦਰ ਸਿੰਘ ਖਹਿਰਾ ਨੇ ਪੰਜਾਬ ਸਰਕਾਰ ਦੇ ਦੋਹਰੇ ਮਾਪਦੰਡਾਂ ਬਾਰੇ ਟਿੱਪਣੀ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਵੱਲੋਂ ਸੱਤਾ ਵਿੱਚ ਆਉਣ ਤੋਂ ਪਹਿਲਾਂ ਚੰਡੀਗੜ੍ਹ ਵਿੱਚ ਮੁਲਾਜ਼ਮਾਂ ਉੱਤੇ ਲਗਾਏ ਗਏ ਕੇਂਦਰੀ ਤਨਖ਼ਾਹ ਕਮਿਸ਼ਨ ਦਾ ਵਿਰੋਧ ਕਰਨਾ ਅਤੇ ਹੁਣ ਪੰਜਾਬ ਦੇ ਮੁਲਾਜ਼ਮਾਂ ਉੱਤੇ ਅਧੂਰਾ ਕੇਂਦਰੀ ਤਨਖ਼ਾਹ ਕਮਿਸ਼ਨ ਲਗਾਉਣਾ ਸਾਬਿਤ ਕਰਦਾ ਹੈ ਕਿ ਸਰਕਾਰ ਅਤੇ ਇਸ ਦੇ ਆਗੂਆਂ ਦੀ 'ਕਹਿਣੀ ਤੇ ਕਰਨੀ' ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ।

ਜਰਮਨਜੀਤ ਸਿੰਘ, ਹਰਜਾਪ ਸਿੰਘ ਬੱਲ, ਗੁਰਦੇਵ ਸਿੰਘ, ਨਿਰਮਲ ਸਿੰਘ, ਰਾਜੇਸ਼ ਕੁਮਾਰ ਪਰਾਸ਼ਰ, ਮਨਪ੍ਰੀਤ ਸਿੰਘ, ਸੁਖਜਿੰਦਰ ਸਿੰਘ ਜੱਬੋਵਾਲ, ਕੁਲਦੀਪ ਵਰਨਾਲੀ, ਗੁਰਪ੍ਰੀਤ ਸਿੰਘ ਨਾਭਾ ਆਦਿ ਨੇ ਦੱਸਿਆ ਕਿ ਕੇਸ ਨੰਬਰ 15896 ਆਫ਼ ਸੌਰਵ ਸ਼ਰਮਾ ਤੇ ਹੋਰ ਬਨਾਮ ਪੰਜਾਬ ਸਰਕਾਰ ਦੇ ਮਾਮਲੇ ਵਿੱਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਕਰਮਚਾਰੀਆਂ ਦੇ ਹੱਕ ਵਿੱਚ ਫ਼ੈਸਲਾ ਦਿੱਤਾ ਗਿਆ ਸੀ, ਜਿਸ ਨੂੰ ਸੁਪਰੀਮ ਕੋਰਟ ਨੇ ਵੀਂ ਬਰਕਰਾਰ ਰੱਖਦਿਆਂ ਪੰਜਾਬ ਸਰਕਾਰ ਵੱਲੋਂ ਐੱਸ.ਐੱਲ.ਪੀ. ਰਾਹੀਂ ਦਿੱਤੀ ਚੁਣੌਤੀ ਨੂੰ 20 ਜਨਵਰੀ 2025 ਨੂੰ ਖ਼ਾਰਜ ਕਰ ਦਿੱਤਾ ਹੈ। ਇਸ ਫ਼ੈਸਲੇ ਅਨੁਸਾਰ ਸਿੱਖਿਆ, ਸਿਹਤ ਸਮੇਤ ਜਿਹੜੇ ਪ੍ਰਬੰਧਕੀ ਵਿਭਾਗਾਂ ਵੱਲੋਂ ਮੁਲਾਜ਼ਮਾਂ ਦੇ ਸੇਵਾ ਨਿਯਮਾਂ ਵਿੱਚ ਸੱਤਵੇਂ ਕੇਂਦਰੀ ਤਨਖ਼ਾਹ ਕਮਿਸ਼ਨ ਅਨੁਸਾਰ ਤਨਖ਼ਾਹ ਸਕੇਲਾਂ ਦੇ ਵੇਰਵੇ ਦਰਜ਼ ਨਹੀ ਹਨ। ਉਨ੍ਹਾਂ ਮੁਲਾਜ਼ਮਾਂ ਨੂੰ ਸੱਤਵੇਂ ਕੇਂਦਰੀ ਤਨਖ਼ਾਹ ਕਮਿਸ਼ਨ ਅਨੁਸਾਰ ਤਨਖ਼ਾਹ ਨਹੀਂ ਦਿੱਤੀ ਜਾ ਸਕਦੀ। ਪਰ ਪੰਜਾਬ ਸਰਕਾਰ ਵੱਲੋਂ ਧੱਕੇ ਨਾਲ ਇਹਨਾਂ ਮੁਲਾਜ਼ਮਾਂ ਉੱਤੇ ਅਧੂਰਾ ਕੇਂਦਰੀ ਤਨਖ਼ਾਹ ਕਮਿਸ਼ਨ ਲਗਾਇਆ ਗਿਆ ਜੋ ਕਿ ਬਿਲਕੁਲ ਗੈਰ ਸੰਵਿਧਾਨਿਕ ਹੈ। ਇਸ ਦੇ ਮੱਦੇਨਜ਼ਰ 17 ਜੁਲਾਈ 2020 ਤੋਂ ਬਾਅਦ ਭਰਤੀ ਹੋਏ ਇੰਨ੍ਹਾਂ ਮੁਲਾਜ਼ਮਾਂ ਦੀਆਂ ਤਨਖ਼ਾਹਾਂ ਛੇਵੇਂ ਪੰਜਾਬ ਤਨਖ਼ਾਹ ਕਮਿਸ਼ਨ ਅਨੁਸਾਰ ਫਿਕਸ ਹੋਣੀਆਂ ਬਣਦੀਆਂ ਹਨ। ਇੱਥੇ ਦੱਸਣਯੋਗ ਹੈ ਕਿ ਅਜਿਹੇ ਨਵੇਂ ਸਕੇਲਾਂ ਤਹਿਤ ਪੰਜਾਬ ਸਕੂਲ ਸਿੱਖਿਆ ਵਿਭਾਗ ਵਿੱਚ ਵੀਂ ਪ੍ਰਾਇਮਰੀ ਅਤੇ ਸੈਕੰਡਰੀ ਦੇ ਹਜ਼ਾਰਾਂ ਅਧਿਆਪਕ ਕੰਮ ਕਰ ਰਹੇ ਹਨ, ਜਿਹਨਾਂ ਦੀਆਂ ਬਾਕੀ ਰੈਗੂਲਰ ਮੁਲਾਜ਼ਮਾਂ ਦੇ ਮੁਕਾਬਲੇ ਬਹੁਤ ਘੱਟ ਤਨਖ਼ਾਹ ਫਿਕਸ ਕੀਤੀ ਗਈ ਹੈ। ਡੀ.ਟੀ.ਐੱਫ. ਆਗੂਆਂ ਨੇ ਨਵ ਨਿਯੁਕਤ ਮੁਲਾਜ਼ਮਾਂ ਦੇ ਹੱਕ ਵਿੱਚ ਡੱਟ ਕੇ ਖੜ੍ਹਨ ਦਾ ਐਲਾਨ ਕਰਦਿਆਂ ਇਹਨਾਂ ਲਈ ਪੰਜਾਬ ਤਨਖ਼ਾਹ ਸਕੇਲ ਬਹਾਲ ਕਰਨ ਦੀ ਮੰਗ ਕੀਤੀ ਹੈ।

# ਮਸ਼ਹੂਰ ਵੈਸਕੂਲਰ ਸਰਜਨ, ਡਾ. ਰਵੁਲ ਜਿੰਦਲ ਫੋਰਟਿਸ ਐਸਕਾਰਟਸ ਅੰਮ੍ਰਿਤਸਰ ਓਪੀਡੀ ਵਿਖੇ ਹਰ ਪੰਦਰਵਾੜੇ ਪੈਰੀਫਿਰਲ ਵੈਸਕੂਲਰ ਡਿਜ਼ੀਜ਼ ਦੀ ਦੇਖਭਾਲ ਪ੍ਰਦਾਨ




ਅੰਮ੍ਰਿਤਸਰ, ਫਰਵਰੀ(ਗੁਰਪ੍ਰੀਤ ਸਿੰਘ ਡੱਬ)ਫੋਰਟਿਸ ਹਸਪਤਾਲ, ਮੋਹਾਲੀ ਦੇ ਡਾਕਟਰ ਨਾੜੀ ਸਿਹਤ ਸੰਭਾਲ ਲਈ ਹਰ ਪੰਦਰਵਾੜੇ ਫੋਰਟਿਸ ਐਸਕਾਰਟਸ ਹਸਪਤਾਲ, ਅੰਮ੍ਰਿਤਸਰ ਦਾ ਦੌਰਾ ਕਰਨਗੇ। ਉਹ ਮਹੀਨੇ ਦੇ ਹਰ ਦੂਜੇ ਅਤੇ ਚੌਥੇ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 1 ਵਜੇ ਦੇ ਵਿਚਕਾਰ ਮਰੀਜ਼ਾਂ ਨੂੰ ਇਲਾਜ ਅਤੇ ਸਲਾਹ-ਮਸ਼ਵਰਾ ਪ੍ਰਦਾਨ ਕਰਨਗੇ। ਇੱਥੇ ਟੀਮ ਵਿੱਚ ਫੋਰਟਿਸ ਮੋਹਾਲੀ ਦੇ ਪ੍ਰਸਿੱਧ ਵੈਸਕੁਲਰ ਸਰਜਨ, ਡਾ. ਰਾਉਲ ਜਿੰਦਲ, ਡਾਇਰੈਕਟਰ, ਵੈਸਕੁਲਰ ਅਤੇ ਐਂਡੋਵੈਸਕੁਲਰ ਸਰਜਰੀ ਅਤੇ ਡਾ. ਮੁਨੀਰ ਅਹਿਮਦ ਪਾਰਾ, ਵੈਸਕੁਲਰ ਸਰਜਰੀ, ਡਾ. ਪੀਯੂਸ਼ ਚੌਧਰੀ, ਵੈਸਕੂਲਰ ਸਰਜਰੀ ਅਤੇ ਡਾ. ਸ਼ਬਜੋਤ ਢਿੱਲੋਂ, ਵੈਸਕੂਲਰ ਸਰਜਰੀ ਸ਼ਾਮਲ ਹਨ। ਫੋਰਟਿਸ ਹਸਪਤਾਲ, ਮੋਹਾਲੀ ਅੰਮ੍ਰਿਤਸਰ ਦੇ ਨਾਗਰਿਕਾਂ ਨੂੰ ਨਾੜੀ ਸੰਬੰਧੀ ਸਮੱਸਿਆਵਾਂ ਦੇ ਨਿਦਾਨ ਅਤੇ ਇਲਾਜ ਵਿੱਚ ਆਪਣੇ 20 ਸਾਲਾਂ ਤੋਂ ਵੱਧ ਦੇ ਤਜ਼ਰਬੇ ਨਾਲ ਨਾੜੀ ਸੰਬੰਧੀ ਦੇਖਭਾਲ ਪ੍ਰਦਾਨ ਕਰੇਗਾ।

ਨਾੜ ਸਰਜਰੀ ਦੇ ਮਾਹਰ ਡਾ. ਜਿੰਦਲ ਖੂਨ ਦੀਆਂ ਨਾੜੀਆਂ ਦੀਆਂ ਸਮੱਸਿਆਵਾਂ ਦੇ ਇਲਾਜ ਵਿੱਚ ਮਾਹਰ ਹਨ। ਵੈਰੀਕੋਜ਼ ਨਾੜੀਆਂ, ਜੋ ਲੱਤਾਂ ਵਿੱਚ ਬੇਅਰਾਮੀ ਅਤੇ ਸੋਜ ਦਾ ਕਾਰਨ ਬਣਦੀਆਂ ਹਨ, ਡੂੰਘੀ ਨਾੜੀ ਥ੍ਰੋਮਬਸਿਸ (DVT), ਜਿਸ ਵਿੱਚ ਸਰੀਰ ਦੀਆਂ ਡੂੰਘੀਆਂ ਨਾੜੀਆਂ ਵਿੱਚ ਖੂਨ ਦੇ ਥੱਕੇ ਬਣ ਜਾਂਦੇ ਹਨ, ਅਤੇ ਗੈਂਗਰੀਨ, ਜਿਸ ਵਿੱਚ ਖੂਨ ਦੇ ਪ੍ਰਵਾਹ ਦੀ ਘਾਟ ਕਾਰਨ ਟਿਸ਼ੂ ਮਰ ਜਾਂਦੇ ਹਨ, ਉਹ ਇਨ੍ਹਾਂ ਸਾਰੀਆਂ ਬਿਮਾਰੀਆਂ ਦੇ ਇਲਾਜ ਵਿੱਚ ਮਾਹਰ ਹੈ। ਉਹ ਪੁਰਾਣੇ ਜ਼ਖ਼ਮਾਂ ਅਤੇ ਅਲਸਰ ਵਾਲੇ ਮਰੀਜ਼ਾਂ ਨੂੰ ਦੇਖਦੇ ਹਨ ਜੋ ਆਸਾਨੀ ਨਾਲ ਠੀਕ ਨਹੀਂ ਹੁੰਦੇ, ਅਤੇ ਲੱਤਾਂ ਦੇ ਦਰਦ, ਸੋਜ ਜਾਂ ਰੰਗ-ਬਰੰਗੇਪਣ ਦਾ ਵੀ ਇਲਾਜ ਕਰਦੇ ਹਨ। ਉਹ ਚੁਣੌਤੀਪੂਰਨ ਸਮੱਸਿਆਵਾਂ ਤੋਂ ਪੀੜਤ ਮਰੀਜ਼ਾਂ ਨੂੰ ਰਾਹਤ ਅਤੇ ਜੀਵਨ ਦੀ ਬਿਹਤਰ ਗੁਣਵੱਤਾ ਪ੍ਰਦਾਨ ਕਰਨ ਵਿੱਚ ਮਾਹਰ ਹੈ।ਡਾ. ਰਵੁਲ ਜਿੰਦਲ, ਡਾਇਰੈਕਟਰ, ਵੈਸਕੂਲਰ ਸਰਜਰੀ, ਫੋਰਟਿਸ ਮੋਹਾਲੀ ਨੇ ਕਿਹਾ, 'ਸਰਦੀਆਂ ਵਿੱਚ ਖੂਨ ਦੀਆਂ ਨਾੜੀਆਂ ਦੇ ਸੁੰਗੜਨ ਕਾਰਨ ਨਾੜੀਆਂ ਦੀਆਂ ਸਮੱਸਿਆਵਾਂ ਵੱਧ ਜਾਂਦੀਆਂ ਹਨ। ਇਸ ਸਮੇਂ ਡੀਪ ਵੇਨ ਥ੍ਰੋਮਬਸਿਸ ਹੋ ਸਕਦਾ ਹੈ ਵੈਰੀਕੋਜ਼ ਨਾੜੀਆਂ ਵਧ ਸਕਦੀਆਂ ਹਨ ਅਤੇ ਫੋੜੇ ਪੈਦਾ ਹੋ ਸਕਦੇ ਹਨ ਜੋ ਆਸਾਨੀ ਨਾਲ ਠੀਕ ਨਹੀਂ ਹੁੰਦੇ। ਇਸ ਓਪੀਡੀ ਵਿੱਚ, ਅੰਮ੍ਰਿਤਸਰ ਦੇ ਲੋਕਾਂ ਨੂੰ ਜਲਦੀ ਨਿਦਾਨ ਅਤੇ ਉੱਨਤ ਇਲਾਜ ਦੇ ਨਾਲ ਵਿਆਪਕ ਨਾੜੀ ਦੇਖਭਾਲ ਮਿਲੇਗੀ। ਵੈਰੀਕੋਜ਼ ਨਾੜੀਆਂ ਲਈ ਘੱਟੋ-ਘੱਟ ਹਮਲਾਵਰ ਤਕਨੀਕਾਂ, ਡੀਵੀਟੀ ਦਾ ਇਲਾਜ, ਪੁਰਾਣੇ ਜ਼ਖ਼ਮਾਂ ਦੀ ਦੇਖਭਾਲ ਇੱਥੇ ਉਪਲਬਧ ਹੋਵੇਗੀ ਸਾਡਾ ਉਦੇਸ਼ ਇੱਕ ਪੇਸ਼ੇਵਰ ਅਤੇ ਤਜਰਬੇਕਾਰ ਟੀਮ ਦੀ ਮਦਦ ਨਾਲ ਮਾਹਰ ਇਲਾਜ ਪ੍ਰਦਾਨ ਕਰਨਾ ਹੈ ਤਾਂ ਜੋ ਮਰੀਜ਼ ਬਿਹਤਰ ਜ਼ਿੰਦਗੀ ਜੀ ਸਕਣ

# ਕਾਨਪੁਰ ਦੇ ਬਿਠੂਰ ਵਿੱਚ ਮਿਲੇ ਮਨੁੱਖੀ ਪਿੰਜਰ ਦੀ ਅਜੇ ਤੱਕ ਪਛਾਣ ਨਹੀਂ ਹੋ ਸਕੀ, ਪੁਲਿਸ ਕਰ ਰਹੀ ਹੈ ਜਾਂਚ

ਸੁਨੀਲ ਬਾਜਪਾਈ
ਕਾਨਪੁਰ। ਇੱਥੇ ਬਿਠੂਰ ਥਾਣਾ ਖੇਤਰ ਦੇ ਬੈਕੁੰਠਪੁਰ ਵਿੱਚ, ਖੇਤਾਂ ਦੇ ਨੇੜੇ ਇੱਕ ਛੱਪੜ ਵਿੱਚੋਂ ਇੱਕ ਮਨੁੱਖੀ ਪਿੰਜਰ ਮਿਲਣ ਤੋਂ ਬਾਅਦ ਹੜਕੰਪ ਮਚ ਗਿਆ। ਜੇਕਰ ਲਾਸ਼ ਦੀ ਪਛਾਣ ਨਹੀਂ ਹੋ ਸਕਦੀ, ਤਾਂ ਪੁਲਿਸ ਨੇ ਇਸਨੂੰ ਪੋਸਟਮਾਰਟਮ ਲਈ ਭੇਜ ਦਿੱਤਾ ਹੈ ਅਤੇ ਘਟਨਾ ਦੀ ਜਾਂਚ ਵਿੱਚ ਰੁੱਝੀ ਹੋਈ ਹੈ। ਇਹ ਨਰ ਪਿੰਜਰ 27 ਜਨਵਰੀ ਨੂੰ ਬਰਾਮਦ ਹੋਇਆ ਸੀ।

ਪੁਲਿਸ ਤੋਂ ਮਿਲੀ ਜਾਣਕਾਰੀ ਅਨੁਸਾਰ, ਚੌਬੇਪੁਰ ਥਾਣਾ ਖੇਤਰ ਦਾ ਰਹਿਣ ਵਾਲਾ ਰਣਜੀਤ ਕੁਰਿਲ, ਖੇਤਾਂ ਵਿੱਚ ਕਣਕ ਦੀ ਫਸਲ ਨੂੰ ਅਵਾਰਾ ਪਸ਼ੂਆਂ ਤੋਂ ਬਚਾਉਣ ਲਈ ਬੈਕੁੰਠਪੁਰ ਦੀ ਸਰਹੱਦ 'ਤੇ ਗਿਆ ਸੀ।

ਫਿਰ, ਟਾਰਚ ਦੀ ਰੌਸ਼ਨੀ ਵਿੱਚ, ਇੱਕ ਮਸ਼ਹੂਰ ਹੋਟਲ ਦੇ ਪਿਛਲੇ ਪਾਸੇ ਲਗਭਗ 400 ਮੀਟਰ ਪਿੱਛੇ ਇੱਕ ਤਲਾਅ ਵਿੱਚ ਇੱਕ ਮਨੁੱਖੀ ਪਿੰਜਰ ਦਿਖਾਈ ਦਿੱਤਾ।

ਇਸ ਤੋਂ ਬਾਅਦ ਰਣਜੀਤ ਵੱਲੋਂ ਦਿੱਤੀ ਗਈ ਸੂਚਨਾ 'ਤੇ ਬਿਠੂਰ ਇੰਸਪੈਕਟਰ ਅਟਲ ਸਿੰਘ ਮੌਕੇ 'ਤੇ ਪਹੁੰਚੇ ਅਤੇ ਪਿੰਡ ਵਾਸੀਆਂ ਤੋਂ ਜਾਣਕਾਰੀ ਲਈ। ਇਹ ਦੱਸਿਆ ਗਿਆ ਹੈ ਕਿ ਘਟਨਾ ਦੀ ਜਾਂਚ ਲਗਾਤਾਰ ਕੀਤੀ ਜਾ ਰਹੀ ਹੈ ਅਤੇ ਨਾਲ ਹੀ ਪਛਾਣ ਦੇ ਯਤਨ ਵੀ ਕੀਤੇ ਜਾ ਰਹੇ ਹਨ।

ਤੁਹਾਨੂੰ ਦੱਸ ਦੇਈਏ ਕਿ ਇਸ ਤੋਂ ਪਹਿਲਾਂ ਵੀ ਕਈ ਕਤਲ ਕੀਤੀਆਂ ਲਾਸ਼ਾਂ ਬਰਾਮਦ ਹੋ ਚੁੱਕੀਆਂ ਹਨ। ਇਨ੍ਹਾਂ ਵਿੱਚੋਂ ਬਹੁਤਿਆਂ ਦੀ ਅੱਜ ਤੱਕ ਪਛਾਣ ਨਹੀਂ ਹੋ ਸਕੀ ਹੈ।

# ਦਿੱਲੀ ਜਿੱਤ ਦੀ ਖੁਸ਼ੀ ਵਿਚ ਭਾਜਪਾ ਆਗੂਆਂ ਨੇ ਵੰਡੇ ਲੱਡੂ




ਸਰਦੂਲਗੜ੍ਹ, 8 ਫਰਵਰੀ (ਕੁਲਵਿੰਦਰ ਕੜਵਲ) ਅੱਜ ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਵਲੋਂ ਵੱਡੀ ਜਿੱਤ ਪ੍ਰਾਪਤ ਕਰਨ ਤੇ ਜਿਥੇ ਪੂਰੇ ਦੇਸ਼ ਦੇ ਭਾਜਪਾ ਵਰਕਰਾਂ ਵਿੱਚ ਭਾਰੀ ਖੁਸ਼ੀ ਪਾਈ ਜਾ ਰਹੀ ਹੈ ਉਥੇ ਹੀ ਅੱਜ ਸਰਦੂਲਗੜ੍ਹ ਦੇ ਭਾਜਪਾ ਆਗੂਆਂ ਵਲੋਂ ਵੀ ਸ਼ਹਿਰ ਦੇ ਸ਼ਹੀਦ ਭਗਤ ਸਿੰਘ ਚੌਂਕ ਵਿਚ ਲੱਡੂ ਵੰਡ ਕੇ ਖੁਸ਼ੀ ਮਨਾਈ ਗਈ ਇਸ ਮੌਕੇ ਪਾਰਟੀ ਦੇ ਜ਼ਿਲਾ ਜਨਰਲ ਸਕੱਤਰ ਗੋਮਾ ਰਾਮ ਕਰੰਡੀ ਨੇ ਕਿਹਾ ਕਿ ਦਿੱਲੀ ਦੀ ਜਿੱਤ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਅਤੇ ਦੇਸ਼ ਲਈ ਕੀਤੇ ਕੰਮਾਂ ਦੀ ਜਿੱਤ ਹੈ ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਨੇ ਆਪਣੇ ਕਾਰਜਕਾਲ ਦੌਰਾਨ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ ਦਿੱਲੀ ਵਿਚ ਵਿਕਾਸ ਕਾਰਜ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ ਜਿਸ ਕਾਰਨ ਅੱਜ ਪਾਰਟੀ ਸੁਪਰੀਮੋ ਕੇਜਰੀਵਾਲ ਖੁਦ ਚੋਣ ਹਾਰ ਗਏ ਹਨ। ਆਉਣ ਵਾਲਿਆਂ ਚੋਣਾਂ ਵਿੱਚ ਪੰਜਾਬ ਵਿੱਚ ਭਾਜਪਾ ਵੱਡੇ ਬਹੁਮਤ ਨਾਲ ਆ ਰਹੀ ਹੈ ਕਿਉਂਕਿ ਲੋਕ ਹੁਣ ਆਮ ਆਦਮੀ ਪਾਰਟੀ ਦੀਆਂ ਚਾਲਾਂ ਵਿੱਚ ਨਹੀਂ ਆਉਣ ਵਾਲੇ। ਭਾਜਪਾ ਹੀ ਇਕ ਅਜਿਹੀ ਪਾਰਟੀ ਹੈ ਜੋ ਦੇਸ਼ ਨੂੰ ਵਿਕਾਸ ਵੱਲ ਲੈ ਕੇ ਜਾ ਸਕਦੀ ਹੈ ਇਸ ਮੌਕੇ ਉਹਨਾਂ ਨਾਲ ਜ਼ਿਲਾ ਯੂਥ ਆਗੂ ਨਵਲ ਜੈਨ, ਜੈਪਾਲ ਖੈਰਾ, ਰਾਮਚੰਦਰ, ਮਦਨਲਾਲ, ਕ੍ਰਿਸ਼ਨ ਲਾਲ, ਮਨੋਜ ਕੁਮਾਰ, ਹਰਦੀਪ ਸਿੰਘ, ਮਦਨਮੋਹਨ ਛੱਜੂ ਹਾਜ਼ਰ

# ਭਾਜਪਾ ਨੇ ਦਿੱਲੀ ਵਿਧਾਨ ਸਭਾ ਚੋਣਾਂ ਸ਼ਾਨਦਾਰ ਤੇ ਪੂਰਨ ਬਹੁਮਤ ਨਾਲ ਜਿੱਤ ਕੇ ਇਤਿਹਾਸ ਸਿਰਜਿਆ ਹੈ : ਰਾਜਨ ਨਾਰੰਗ

## 2027 ਵਿੱਚ ਪੰਜਾਬ ਵਿੱਚ ਵੀ ਬੀਜੇਪੀ ਬਣਾਵੇਗੀ ਆਪਣੀ ਸਰਕਾਰ ਦਾ ਦਾਅਵਾ



ਜੈਤੋ, 8 ਫਰਵਰੀ (ਰਘੁਨੰਦਨ ਪਰਾਸ਼ਰ) :ਅੱਜ ਆਏ ਨਤੀਜਿਆਂ ਵਿੱਚ ਦਿੱਲੀ ਦੀਆਂ ਵਿਧਾਨ ਸਭਾ ਚੋਣਾਂ ਨੂੰ ਸ਼ਾਨਦਾਰ ਤੇ ਪੂਰਨ ਬਹੁਮਤ ਨਾਲ ਜਿੱਤ ਕੇ ਭਾਰਤੀ ਜਨਤਾ ਪਾਰਟੀ ਨੇ ਇਤਿਹਾਸ ਸਿਰਜਿਆ ਹੈ। ਲੋਕਾਂ ਨੇ ਭਾਜਪਾ ਨੂੰ ਜਿਤਾ ਕੇ ਸਾਬਤ ਕਰ ਦਿੱਤਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਿਚ ਹੀ ਦੇਸ ਵਿਕਾਸ ਦੀਆਂ ਲੀਹਾਂ 'ਤੇ ਚੱਲ ਸਕਦਾ ਹੈ। ਉਕਤ ਵਿਚਾਰਾਂ ਦਾ ਪ੍ਰਗਟਾਵਾ ਭਾਰਤੀ ਜਨਤਾ ਪਾਰਟੀ ਜ਼ਿਲ੍ਹਾ ਫਰੀਦਕੋਟ ਜ਼ਿਲ੍ਹਾ ਮੀਤ ਪ੍ਰਧਾਨ ਰਾਜਨ ਨਾਰੰਗ ਨੇ ਪੱਤਰਕਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਓਹਨਾ ਕਿਹਾ ਕਿ ਦਿੱਲੀ ਵਿਚ 48 ਸੀਟਾਂ ਹਾਸਲ ਕਰਕੇ ਭਾਜਪਾ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਪਤਾ ਲੱਗ ਗਿਆ ਹੈ ਕਿ ਦੇਸ਼ ਦੇ ਲੋਕ ਭਾਰਤੀ ਜਨਤਾ ਪਾਰਟੀ ਦੀਆਂ ਵਿਕਾਸ ਤੇ ਲੋਕਪੱਖੀ ਨੀਤੀਆਂ ਤੋਂ ਬਹੁਤ ਖੁਸ਼ ਹਨ, ਹਰ ਵਰਗ ਦੇ ਲੋਕਾਂ ਦਾ ਮੋਦੀ ਸਰਕਾਰ 'ਤੇ ਵਿਸ਼ਵਾਸ਼ ਹੈ। ਰਾਜਨ ਨਾਰੰਗ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਪੰਜਾਬ ਵਿੱਚ 2027 ਦੀਆਂ ਵਿਧਾਨ ਸਭਾ ਚੋਣਾਂ ਵਿਚ ਭਾਜਪਾ ਆਪਣਾ ਪਰਚਮ ਲਹਿਰਾਏਗੀ। ਉਹਨਾਂ ਕਿਹਾ ਕਿ ਆਦਮੀ ਪਾਰਟੀ ਦੀ ਸਰਕਾਰ ਦੇ ਮੁਖੀ ਅਰਵਿੰਦ ਕੇਜਰੀਵਾਲ ਵਲੋਂ ਤੀਜੀ ਵਾਰ ਆਪਣੀ ਪਾਰਟੀ ਦੀ ਸਰਕਾਰ ਬਣਾਉਣ ਦੇ ਦਾਅਵੇ ਝੂਠੇ ਸਾਬਤ ਹੋਏ। ਰਾਜਨ ਨਾਰੰਗ ਨੇ ਕਿਹਾ ਕਿ ਲੋਕਾਂ ਨੂੰ ਸਾਫ਼ ਸੁਥਰਾ ਤੇ ਇਮਾਨਦਾਰ ਸਰਕਾਰ ਦੇਣ ਦਾ ਦਾਅਵਾ ਕਰਕੇ ਦਿੱਲੀ ਦੇ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਸਮੇਤ ਇਸ ਸਰਕਾਰ ਦੇ ਕਈ ਮੰਤਰੀਆਂ ਨੇ ਭ੍ਰਿਸ਼ਟਾਚਾਰ ਕਰਕੇ ਆਪਣੀਆਂ ਤਜੌਰੀਆਂ ਭਰਨ ਤੋਂ ਇਲਾਵਾ ਕੁੱਝ ਨਹੀਂ ਕੀਤਾ। ਜਿਸ ਕਰਕੇ ਵਿਧਾਨ ਸਭਾ ਚੋਣਾਂ ਵਿਚ ਦਿੱਲੀ ਦੇ ਆਮ ਲੋਕਾਂ ਨੇ ਇਸ ਪਾਰਟੀ ਨੂੰ ਸੱਤਾ ਤੋਂ ਬਾਹਰ ਕਰਨ ਲਈ ਮੂੰਹ ਨਹੀਂ ਲਾਇਆ। ਉਨ੍ਹਾਂ ਕਿਹਾ ਕਿ ਹੋਰ ਕਈ ਸੂਬਿਆਂ ਵਾਂਗ ਦਿੱਲੀ ਨੂੰ ਵੀ ਕੰਮ ਲਈ ਡਬਲ ਇੰਜਨ ਭਾਜਪਾ ਸਰਕਾਰ ਦੀ ਲੋੜ ਸੀ, ਜੋ ਲੋਕਾਂ ਨੇ ਵੱਡੀ ਗਿਣਤੀ ਵਿਚ ਵੋਟਾਂ ਪਾ ਕੇ ਪੂਰੀ ਕਰ ਦਿੱਤੀ ਹੈ।

## ਬਾਜੇਵਾਲਾ ਵਿਖੇ ਤਿੰਨ ਧੀਆਂ ਦੇ ਮਜ਼ਦੂਰ ਬਾਪ ਦਾ ਪਿੰਡ ਵਾਸੀਆਂ ਨੇ ਮਕਾਨ ਬਣਾ ਕੇ ਦਿੱਤਾ



ਦਲਜੀਤ ਸਿੰਘ ਸੰਧੂ ਝੁਨੀਰ 8 ਫ਼ਰਵਰੀ ਪਿੰਡ ਬਾਜੇਵਾਲਾ ਵਿਖੇ ਅਤਿ ਲੋੜਵੰਦ ਮਜ਼ਦੂਰ ਵਿਅਕਤੀ ਦਾ ਮਕਾਨ ਬਣਾਉਣ 'ਚ ਪਿੰਡ ਵਾਸੀਆਂ ਅਤੇ ਸਮਾਜ ਸੇਵੀਆਂ ਨੇ ਮੱਦਦ ਕੀਤੀ ਹੈ। ਪਿੰਡ ਦੇ ਸਮਾਜ ਸੇਵੀ ਮੱਖਣ ਸਿੰਘ ਨੇ ਦੱਸਿਆ ਕਿ ਪ੍ਰੇਮ ਸਿੰਘ ਪੁੱਤਰ ਸਵ: ਜੋਰਾ ਸਿੰਘ ਬਾਜੇਵਾਲਾ ਜਿਸ ਦੇ ਇੱਕ ਪੁੱਤਰ ਅਤੇ ਤਿੰਨ ਧੀਆਂ ਹਨ। ਪਿਛਲੇ ਕੁਝ ਸਮੇਂ ਪਹਿਲਾਂ ਉਸਦੇ 25 ਸਾਲਾ ਇਕਲੌਤੇ ਸਪੁੱਤਰ ਗੁਰਜੀਤ ਸਿੰਘ ਦੀ ਰੇਲ ਹਾਦਸੇ ਕਾਰਨ ਮੌਤ ਹੋ ਗਈ ਸੀ। ਪ੍ਰੇਮ ਸਿੰਘ ਦੇ ਮਕਾਨ ਦੀ ਹਾਲਤ ਖਸਤਾ ਹੋਣ ਤੇ ਉਹ ਆਪਣਾ ਮਕਾਨ ਬਣਾਉਣ ਤੋਂ ਅਸਮਰਥ ਸੀ। ਜਿਸ ਨੂੰ ਵੇਖਦਿਆਂ ਡਰਾਈਵਰ ਮੱਖਣ ਸਿੰਘ, ਤਰਸੇਮ ਸਿੰਘ ਫ਼ੌਜੀ, ਇਕਬਾਲ ਸਿੰਘ ਡਰਾਈਵਰ, ਗੁਰਸੇਵਕ ਸਿੰਘ ਖਾਲਸਾ, ਬਾਬਾ ਜਗਜੀਤ ਸਿੰਘ ਚੰਡੀਗੜ੍ਹ, ਹਰਿਗੋਬਿੰਦ ਸਿੰਘ ਬੰਗਲੋਰ ਆਦਿ ਪਿੰਡ ਵਾਸੀਆਂ ਦੀ ਮੱਦਦ ਨਾਲ ਇੱਕ ਕਮਰਾ ਬਣਾ ਕੇ ਇਨਸਾਨੀਅਤ ਦਾ ਫਰਜ਼ ਨਿਭਾਇਆ ਹੈ। ਜਿਸ ਦੀ ਪੂਰੇ ਪਿੰਡ ਵਾਸੀਆਂ ਤੇ ਇਲਾਕਾ ਵਾਸੀਆਂ ਨੇ ਸ਼ਲਾਘਾ ਕੀਤੀ ਹੈ। ਪਿੰਡ ਵਾਸੀਆਂ ਨੇ ਸਮਾਜ ਸੇਵੀ ਸੰਸਥਾਵਾਂ ਆਦਿ ਤੋਂ ਪਰਿਵਾਰ ਦੀ ਮੱਦਦ ਕਰਨ ਦੀ ਵੀ ਅਪੀਲ ਕੀਤੀ

## ਸ਼ਹਿਰ ਵਿੱਚ ਅਵਾਰਾ ਪਸ਼ੂਆਂ ਦੀ ਭਰਮਾਰ



ਦਲਜੀਤ ਸਿੰਘ ਸੰਧੂ ਮਾਨਸਾ 8 ਫ਼ਰਵਰੀ ਸ਼ਹਿਰ ਦੀ ਹਰ ਗਲੀ ਮੋੜ ਸੜਕ ਤੇ ਅਵਾਰਾ ਪਸ਼ੂ ਝੁੰਡ ਬਣਾ ਕੇ ਘੁੰਮਦੇ ਆਮ ਹੀ ਨਜ਼ਰ ਆ ਰਹੇ ਹਨ ਅਤੇ ਜਦੋਂ ਇਹ ਆਪਸ ਵਿੱਚ ਦੀ ਭਿੜਣ ਲੱਗ ਜਾਂਦੇ ਹਨ ਤਾਂ ਰਾਹਗੀਰਾਂ ਲਈ ਆਫ਼ਤ ਬਣ ਜਾਂਦੇ ਹਨ। ਰਾਤਾਂ ਨੂੰ ਸੜਕ ਵਿਚਾਲੇ ਬੈਠੇ ਇਹਨਾਂ ਅਵਾਰਾ ਪਸ਼ੂਆਂ ਕਾਰਨ ਸ਼ਹਿਰ ਵਿੱਚ ਕਈ ਦੁਰਘਟਨਾਵਾਂ ਵਾਪਰ ਚੁੱਕੀਆਂ ਹਨ। ਜਿੰਨ੍ਹਾ ਵਿੱਚ ਕੀਮਤੀ ਜਾਨਾਂ ਵੀ ਚਲੀਆਂ ਗਈਆਂ ਹਨ ਪ੍ਰੰਤੂ ਪ੍ਰਸ਼ਾਸਨ ਇਸ ਪਾਸੇ ਕੋਈ ਧਿਆਨ ਨਹੀਂ ਦੇ ਰਿਹਾ। ਇਸ ਸਬੰਧੀ ਪਰਿਆਸ ਕਲੱਬ ਦੇ ਮੈਂਬਰ ਕਾਕਾ ਉੱਪਲ ਨੇ ਦੱਸਿਆ ਕਿ ਅੱਜ ਪੁਰਾਣੇ ਬਜ਼ਾਰ ਵਿੱਚ ਗੁਰਦੁਆਰਾ ਮਾਲ ਸਾਹਿਬ ਨਜ਼ਦੀਕ ਢੱਠਿਆਂ ਦੇ ਆਪਸ ਵਿੱਚ ਦੀ ਭਿੜਨ ਕਾਰਨ ਇੱਕ ਵਿਅਕਤੀ ਦੇ ਗੰਭੀਰ ਸੱਟਾਂ ਲੱਗੀਆਂ ਹਨ। ਇਹ ਸਿਰਫ਼ ਅੱਜ ਦੀ ਗੱਲ ਹੀ ਨਹੀਂ ਰੋਜ਼ਾਨਾ ਹੀ ਸ਼ਹਿਰ ਅੰਦਰ ਅਜਿਹੀਆਂ ਘਟਨਾਵਾਂ ਵਾਪਰ ਰਹੀਆਂ ਹਨ ਪਰ ਪ੍ਰਸ਼ਾਸਨ ਅੱਖਾਂ ਮੀਚ ਕੇ ਬੈਠਾ ਹੋਇਆ ਹੈ। ਉਹਨਾਂ ਕਿਹਾ ਕਿ ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਉਹ ਇਹਨਾਂ ਅਵਾਰਾ ਪਸ਼ੂਆਂ ਨੂੰ ਸ਼ਹਿਰ ਤੋਂ ਬਾਹਰ ਕਿਸੇ ਖੁੱਲੀ ਜਗ੍ਹਾ ਉੱਤੇ ਚਾਰਦਵਾਰੀ ਕਰਕੇ ਰੱਖਿਆ ਜਾਵੇ ਤਾਂ ਜੋ ਸ਼ਹਿਰ ਵਾਸੀਆਂ ਨੂੰ ਇਹਨਾਂ ਦੇ ਆਤੰਕ ਤੋਂ ਰਾਹਤ ਮਿਲ ਸਕੇ।

ਲਾਲ ਚੰਦ ਕਾਮਰੇਡ ਨੇ ਇਸ ਸਬੰਧੀ ਗੱਲਬਾਤ ਕਰਦਿਆਂ ਕਿਹਾ ਕਿ ਸ਼ਹਿਰ ਵਿੱਚ ਘੁੰਮ ਰਹੇ ਅਵਾਰਾ ਢੱਠੇ ਅਤੇ ਗਊਆਂ ਰਾਹਗੀਰਾਂ ਲਈ ਸਮੱਸਿਆ ਬਣੇ ਹੋਏ ਹਨ। ਝੁੰਡ ਬਣਾ ਕੇ ਗਲੀਆਂ ਵਿੱਚ ਘੁੰਮਦੇ ਅਵਾਰਾ ਪਸ਼ੂ ਕਿਸੇ ਸਮੇਂ ਵੀ ਆਉਣ ਜਾਣ ਵਾਲੇ ਵਿਅਕਤੀ ਨੂੰ ਆਪਣੀ ਲਪੇਟ ਵਿੱਚ ਲੈ ਲੈਂਦੇ ਹਨ। ਇਹਨਾਂ ਦੇ ਆਤੰਕ ਤੋਂ ਸ਼ਹਿਰ ਵਾਸੀ ਬਹੁਤ ਪ੍ਰੇਸ਼ਾਨ ਹਨ। ਪ੍ਰਸ਼ਾਸਨ ਨੂੰ ਚਾਹੀਦਾ ਹੈ ਕਿ ਜਲਦੀ ਤੋਂ ਜਲਦੀ ਇਹਨਾਂ ਅਵਾਰਾ ਪਸ਼ੂਆਂ ਦਾ ਕੋਈ ਪੱਕਾ ਹੱਲ ਕੀਤਾ ਜਾਵੇ। ਉਹਨਾਂ ਕਿਹਾ ਕਿ ਸਰਕਾਰਾਂ ਵੱਲੋਂ ਹਰ ਚੀਜ਼ ਦੇ ਉੱਤੇ ਗਊਸੈਸ ਲਾ ਕੇ ਟੈਕਸ ਇਕੱਠਾ ਕੀਤਾ ਜਾ ਰਿਹਾ ਹੈ ਪਰ ਜਨਤਾ ਤੋਂ ਇਕੱਠੇ ਕੀਤੇ ਇਸ ਟੈਕਸ ਨੂੰ ਪਤਾ ਨਹੀਂ ਸਰਕਾਰਾਂ ਕਿੱਥੇ ਖ਼ਰਚ ਕਰ ਰਹੀਆਂ ਹਨ ਅਤੇ ਲੋਕਾਂ ਨੂੰ ਇਹਨਾਂ ਅਵਾਰਾ ਪਸ਼ੂਆਂ ਤੋਂ ਹੋ ਰਹੇ ਰੋਜ਼ਾਨਾ ਦੇ ਨੁਕਸਾਨ ਪ੍ਰਤੀ ਕੋਈ ਧਿਆਨ ਨਹੀਂ

## ਭਾਜਪਾ ਨੇ ਸ਼ਿਲਪਾ ਚੱਢਾ ਦੀ ਅਗਵਾਈ ਹੇਠ ਲੱਡੂ ਵੰਡ ਕੇ ਸਾਂਝੀ ਕੀਤੀ ਦਿੱਲੀ 'ਚ ਰਿਕਾਰਡ ਜਿੱਤ ਦੀ ਖੁਸ਼ੀ





ਫਗਵਾੜਾ 8 ਫਰਵਰੀ (ਸ਼ਿਵ ਕੌੜਾ) ਦਿੱਲੀ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਰਿਕਾਰਡ ਜਿੱਤ ਦਾ ਜਸ਼ਨ ਫਗਵਾੜਾ ਦੇ ਭਾਜਪਾ ਵਰਕਰਾਂ ਨੇ ਹਦੀਆਬਾਦ ਇਲਾਕੇ ਵਿੱਚ ਲੱਡੂ ਵੰਡ ਕੇ ਮਨਾਇਆ। ਇਸ ਦੌਰਾਨ ਸੀਨੀਅਰ ਭਾਜਪਾ ਆਗੂ ਅਨਿਤਾ ਸੋਮ ਪ੍ਰਕਾਸ਼ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ ਅਤੇ ਭਾਜਪਾ ਵਰਕਰਾਂ ਨਾਲ ਦਿੱਲੀ ਦੀ ਜਿੱਤ ਦੀ ਖੁਸ਼ੀ ਸਾਂਝੀ ਕੀਤੀ। ਇਸ ਮੌਕੇ ਗੱਲਬਾਤ ਕਰਦਿਆਂ ਭਾਜਪਾ ਆਗੂਆਂ ਸ਼ਿਲਪਾ ਚੱਢਾ ਅਤੇ ਨਿਤਿਨ ਚੱਢਾ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਬੇਈਮਾਨ ਪਾਰਟੀ ਨੂੰ ਸਬਕ ਸਿਖਾਇਆ ਹੈ। ਹੁਣ ਦਿੱਲੀ ਵਿੱਚ ਭਾਜਪਾ ਦੀ ਡਬਲ ਇੰਜਣ ਵਾਲੀ ਸਰਕਾਰ ਬਣੇਗੀ ਅਤੇ ਦੇਸ਼ ਦੀ ਰਾਜਧਾਨੀ ਦਾ ਸਰਬਪੱਖੀ ਵਿਕਾਸ ਹੋਵੇਗਾ। ਉਨ੍ਹਾਂ ਦਾਅਵਾ ਕੀਤਾ ਕਿ ਜਲਦੀ ਹੀ ਯਮੁਨਾ ਨਦੀ ਗੰਗਾ ਵਾਂਗ ਸਾਫ਼ ਹੋ ਜਾਵੇਗੀ ਅਤੇ ਦੇਸ਼ ਦੀ ਰਾਜਧਾਨੀ ਦੁਨੀਆ ਦੀ ਸਭ ਤੋਂ ਖੂਬਸੂਰਤ ਰਾਜਧਾਨੀ ਬਣੇਗੀ। ਇਸ ਮੌਕੇ ਵੱਡੀ ਗਿਣਤੀ ਵਿੱਚ ਭਾਜਪਾ ਆਗੂ ਤੇ ਵਰਕਰ ਹਾਜ਼ਰ ਸਨ।

## ਦਿੱਲੀ ਵਾਂਗ ਪੰਜਾਬ 'ਚ ਵੀ ਭਾਰਤੀਆਂ ਜਨਤਾ ਪਾਰਟੀ ਦੀ ਸਰਕਾਰ ਬਣੇਗੀ: ਮਾਖਾ

### ਦਿੱਲੀ 'ਚ ਬੀਜੇਪੀ ਦੀ ਸਰਕਾਰ ਬਣ ਤੇ ਖੁਸ਼ੀ 'ਚ ਲੱਡੂ ਵੰਡੇ



ਗੁਰਜੀਤ ਸ਼ੀਂਹ ਮਾਨਸਾ 8 ਫ਼ਰਵਰੀ ਭਾਰਤੀਆ ਜਨਤਾ ਪਾਰਟੀ ਦੀ ਦਿੱਲੀ ਵਿਖੇ ਪੂਰਨ ਬਹੁਮਤ ਨਾਲ ਸਰਕਾਰ ਬਣਨ ਤੇ ਵਿਧਾਨ ਸਭਾ ਹਲਕਾ ਸਰਦੂਲਗੜ੍ਹ ਵਿਖੇ ਹਲਕਾ ਕਨਵੀਨਰ ਗੋਮਾ ਰਾਮ ਕਰੰਡੀ ਦੀ ਅਗਵਾਈ 'ਚ ਲੱਡੂ ਵੰਡ ਗਏ ਅਤੇ ਭੰਗੜੇ ਪਾ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਇਸ ਮੌਕੇ ਗੋਮਾ ਰਾਮ ਕਰੰਡੀ ਨੇ ਕਿਹਾ ਕਿ 27 ਸਾਲਾਂ ਬਾਅਦ ਦਿੱਲੀ ਵਿਖੇ ਭਾਰਤੀਆਂ ਜਨਤਾ ਪਾਰਟੀ ਦੀ ਸਰਕਾਰ ਬਣਨ ਤੇ ਸਮੁੱਚੇ ਪੰਜਾਬ ਵਾਸੀਆਂ ਚ ਖੁਸ਼ੀ ਦੀ ਲਹਿਰ ਹੈ। ਇਸ ਮੌਕੇ ਮੰਡਲ ਪ੍ਰਧਾਨ ਹਰਦੀਪ ਸਿੰਘ ਮਾਖਾ ਨੇ ਕਿਹਾ ਕਿ 10 ਸਾਲਾਂ ਤੋਂ ਦਿੱਲੀ ਅੰਦਰ ਆਮ ਪਾਰਟੀ ਦੇ ਸੁਪਰੀਮੋ ਅਤੇ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀਆਂ, ਸ਼ਰਾਬ ਘੁਟਾਲੇ ਆਦਿ ਭ੍ਰਿਸ਼ਟਾਚਾਰੀ ਨੀਤੀਆਂ ਅਤੇ ਦਿੱਲੀ ਵਾਸੀਆਂ ਨਾਲ ਝੂਠੇ ਲਾਰਿਆਂ ਨੂੰ ਦੇਖਦਿਆਂ, ਦਿੱਲੀ ਵਾਸੀਆਂ ਨੇ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਵਿਕਾਸ ਨੀਤੀਆਂ ਤੋਂ ਖੁਸ਼ ਹੋ ਕੇ ਦਿੱਲੀ 'ਚ ਪੂਰਨ ਬਹੁਮਤ ਨਾਲ ਬੀਜੇਪੀ ਸਰਕਾਰ ਬਣਾਉਣ ਦਾ ਦਾਅਵਾ ਕੀਤਾ। ਉਹਨਾਂ ਕਿਹਾ ਕਿ ਛੇਤੀ ਹੀ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ ਪੰਜਾਬ ਵਾਸੀ ਵੀ ਦਿੱਲੀ ਵਾਂਗ ਪੰਜਾਬ 'ਚ ਭਾਰਤੀ ਜਨਤਾ ਪਾਰਟੀ ਦੀ ਸਰਕਾਰ ਬਣਾਉਣ ਲਈ ਉਤਾਵਲੇ ਹਨ। ਉਹਨਾਂ ਬੱਸ ਸਟੈਂਡ ਸਰਦੂਲਗੜ੍ਹ ਵਿਖੇ ਜਿੱਤ ਦੀ ਖੁਸ਼ੀ 'ਚ ਜਿੱਥੇ ਢੋਲ ਦੇ ਨਗਾਰਿਆਂ ਤੇ ਭੰਗੜਾ ਪਾਇਆ ਉੱਥੇ ਖੁਸ਼ੀ 'ਚ ਲੱਡੂ ਵੀ ਵੰਡੇ ਗਏ। ਇਸੇ ਤਰ੍ਹਾਂ ਹੀ ਬੀਜੇਪੀ ਮੰਡਲ ਰਾਏਪੁਰ ਦੇ ਪ੍ਰਧਾਨ ਹਰਦੀਪ ਸਿੰਘ ਮਾਖਾ ਦੀ ਅਗਵਾਈ ਪਿੰਡ ਮਾਖਾ ਵਿਖੇ ਬੀਜੇਪੀ ਵਰਕਰਾਂ ਨੇ ਲੱਡੂ ਵੰਡ ਕੇ ਖੁਸ਼ੀ ਦਾ ਇਜ਼ਹਾਰ ਕੀਤਾ ਹੈ। ਇਸ ਮੌਕੇ ਸੈਕਟਰੀ ਰਾਮ ਚੰਦਰ, ਸਾਬਕਾ ਸਰਪੰਚ ਅਮਰਜੀਤ ਸਿੰਘ, ਬਹਾਦਰ ਸਿੰਘ, ਮਲਕੀਤ ਸਿੰਘ, ਸਾਬਕਾ ਪੰਚ ਗੁਰਮੁਖ ਸਿੰਘ ਆਦਿ ਵਰਕਰ ਹਾਜ਼ਰ ਸਨ।

## ਸਵਰਗੀ ਬਿਲਾਸ ਚੰਦ ਅਤੇ ਅੰਮ੍ਰਿਤਪਾਲ ਬਾਜੇਵਾਲਾ ਦੀ ਬਰਸੀ ਮੌਕੇ ਮੁਫ਼ਤ ਮੈਡੀਕਲ ਚੈੱਕਅਪ ਕੈਂਪ ਲਗਾਇਆ

### ਲੋੜਵੰਦਾਂ ਦੀ ਮੱਦਦ ਲਈ ਅਜਿਹੇ ਕੈਂਪ ਲਗਾਉਣੇ ਚਾਹੀਦੇ ਹਨ: ਸੀ.ਐਮ.ਓ




ਦਲਜੀਤ ਸਿੰਘ ਸੰਧੂ ਸਰਦੂਲਗੜ੍ਹ 8 ਫ਼ਰਵਰੀ ਪਿੰਡ ਬਾਜੇਵਾਲਾ ਵਿਖੇ ਸਵਰਗੀ ਸੇਠ ਬਿਲਾਸ ਚੰਦ ਅਤੇ ਉਹਨਾਂ ਦੇ ਵੱਡੇ ਸਪੁੱਤਰ ਅੰਮ੍ਰਿਤਪਾਲ ਦੀ ਬਰਸੀ ਮੌਕੇ ਯਾਦ ਵਿੱਚ ਉਹਨਾਂ ਦੇ ਛੋਟੇ ਸਪੁੱਤਰ ਸਮਾਜ ਸੇਵੀ ਨਰੇਸ਼ ਕੁਮਾਰ ਬਿਰਲਾ ਵੱਲੋਂ ਪਿੰਡ ਬਾਜੇਵਾਲਾ ਵਿਖੇ ਇੱਕ ਫ਼ਰੀ ਮੈਡੀਕਲ ਚੈੱਕਅਪ ਕੈਂਪ ਲਗਾਇਆ ਗਿਆ। ਜਿਸ ਵਿੱਚ ਪਿੰਡ ਵਾਸੀਆਂ ਅਤੇ ਇਲਾਕੇ ਦੇ ਸੈਂਕੜੇ ਲੋਕਾਂ ਨੇ ਇਸ ਕੈਂਪ ਦਾ ਲਾਹਾ ਖੱਟਿਆ ਹੈ। ਇਸ ਕੈਂਪ ਵਿੱਚ ਵਿਸ਼ੇਸ਼ ਤੌਰ ਤੇ ਸਿਵਲ ਸਰਜਨ ਮਾਨਸਾ ਡਾ. ਅਰਵਿੰਦਪਾਲ ਸਿੰਘ, ਇੰਡੀਅਨ ਮੈਡੀਕਲ ਐਸੋਸੀਏਸ਼ਨ ਮਾਨਸਾ ਦੇ ਪ੍ਰਧਾਨ ਡਾ. ਜਨਕ ਰਾਜ ਗੋਇਲ, ਅੱਖਾਂ ਦੇ ਮਾਹਰ ਡਾ. ਪਿਊਸ਼ ਗੋਇਲ, ਡਾ. ਅੰਕੁਸ਼ ਗੋਇਲ ਆਦਿ ਨੇ ਸੇਵਾਵਾਂ ਨਿਭਾਈਆਂ। ਇਸ ਮੌਕੇ ਇਲਾਕੇ ਦੀਆਂ ਅਨੇਕਾਂ ਨਾਮਵਰ ਸ਼ਖਸ਼ੀਅਤਾਂ ਨੇ ਉਹਨਾਂ ਨੂੰ ਜਿੱਥੇ ਸ਼ਰਧਾਂਜਲੀਆਂ ਭੇਂਟ ਕੀਤੀਆਂ, ਉੱਥੇ ਪਰਿਵਾਰ ਵੱਲੋਂ ਸਮਾਜ ਕੀਤੇ ਗਏ ਲੋਕ ਭਲਾਈ ਕਾਰਜਾਂ ਦਾ ਵੀ ਜ਼ਿਕਰ ਕੀਤਾ। ਇਸ ਮੌਕੇ ਸਿਵਲ ਸਰਜਨ ਮਾਨਸਾ ਡਾ. ਅਰਵਿੰਦਪਾਲ ਸਿੰਘ ਅਤੇ ਡਾ. ਜਨਕ ਰਾਜ ਗੋਇਲ ਨੇ ਕਿਹਾ ਕਿ ਸਾਨੂੰ ਸਾਡੇ ਤੋਂ ਵਿਛੜ ਚੁੱਕੇ ਮਾਤਾ ਪਿਤਾ ਦੀ ਯਾਦ 'ਚ ਇਸ ਤਰ੍ਹਾਂ ਦੇ ਕੈਂਪ ਲਗਾਉਣੇ ਚਾਹੀਦੇ ਹਨ। ਜਿਸ ਨਾਲ ਜਿੱਥੇ ਅਸੀਂ ਆਪਣੇ ਵੱਡੇ ਵਡੇਰਿਆਂ ਦੀ ਯਾਦ ਨੂੰ ਤਾਜ਼ਾ ਕਰ ਸਕਦੇ ਹਾਂ ਅਤੇ ਨਾਲ ਹੀ ਇਸ ਉਪਰਾਲੇ ਨਾਲ ਲੋੜਵੰਦ ਵਿਅਕਤੀਆਂ ਦੀ ਸੇਵਾ ਹੋ ਜਾਂਦੀ ਹੈ। ਉਨਾਂ ਸਵਰਗੀ ਬਿਲਾਸ ਚੰਦ ਦੇ ਪਰਿਵਾਰ ਵੱਲੋਂ ਪਿੰਡ ਅਤੇ ਇਲਾਕੇ 'ਚ ਕੀਤੀ ਸੇਵਾ ਦੀ ਭਰਵੀਂ ਸ਼ਲਾਘਾ ਵੀ ਕੀਤੀ ਗਈ। ਕੈਂਪ ਦੌਰਾਨ ਪਿੰਡ ਦੇ ਸਰਪੰਚ ਪੋਹਲੋਜੀਤ ਸਿੰਘ ਆਦਿ ਨਗਰ ਨਿਵਾਸੀਆਂ ਨੇ ਕੈਂਪ ਲਗਾਉਣ ਲਈ ਧੰਨਵਾਦ ਕੀਤਾ ਅਤੇ ਵਿਛੜ ਚੁੱਕੀਆਂ ਰੂਹਾਂ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਸ ਮੌਕੇ ਵੱਖ-ਵੱਖ ਸਖਸ਼ੀਅਤਾਂ ਦਾ ਸਨਮਾਨ ਵੀ ਕੀਤਾ ।ਇਸ ਮੌਕੇ ਇੰਦਰਜੀਤ ਸਿੰਘ ਉੱਭਾ, ਸਮਾਜ ਸੇਵੀ ਗੁਰਜੀਤ ਸਿੰਘ, ਤਰਸੇਮ ਜੋਗਾ, ਪ੍ਰੋਫ਼ੈਸਰ ਰਿਸ਼ੀ ਰਾਮ ਸ਼ਰਮਾ, ਸੇਵਾ ਮੁਕਤ ਫਾਰਮਾਸਿਸਟ ਕਲਾਸ ਮੋਹਨ, ਰਾਮ ਨਰਾਇਣ, ਸੇਵਾ ਮੁਕਤ ਐਸਡੀਓ ਅਸ਼ੋਕ ਕੁਮਾਰ, ਰਾਜ ਕੁਮਾਰ, ਕ੍ਰਿਸ਼ਨ ਕੁਮਾਰ, ਅਸ਼ਵਨੀ ਕੁਮਾਰ, ਪੰਚਾਇਤ ਮੈਂਬਰ ਜਗਤਾਰ ਸਿੰਘ,ਅਵਤਾਰ ਸਿੰਘ ਤੋਂ ਇਲਾਵਾ ਮੰਦਿਰ ਕਮੇਟੀ ਅਤੇ ਪਿੰਡ ਵਾਸੀ ਹਾਜ਼ਰ ਸਨ।

## ਆਲ ਸਕੂਲ ਪੇਰੈਂਟਸ ਐਸੋਸੀਏਸ਼ਨ ਦੀ ਵੱਡੀ ਜਿੱਤ ਮਿਲਿਆ ਇਨਸਾਫ




ਰਾਜਪੁਰਾ,08 ਫਰਵਰੀ(ਹਿਮਾਂਸ਼ੂ ਹੈਰੀ):ਅੱਜ ਆਲ ਸਕੂਲ ਪੇਰੈਂਟਸ ਐਸੋਸੀਏਸ਼ਨ ਵਲੋਂ ਗੁਰਦੁਆਰਾ ਸਿੰਘ ਸਭਾ ਰੋਡ ਸਥਿਤ ਦਫਤਰ ਵਿਖੇ ਇਕ ਸਮਾਗਮ ਕਰਵਾਇਆ ਗਿਆ। ਐਸੋਸੀਏਸ਼ਨ ਦੇ ਮੈਂਬਰਾਂ ਵੱਲੋਂ ਮਾਨਯੋਗ ਹਾਈਕੋਰਟ ਵੱਲੋਂ ਇਨਸਾਫ ਮਿਲਣ ਦੀ ਖੁਸ਼ੀ ਅਤੇ ਬੁੱਕ ਮਾਫੀਆ ਵੱਲੋਂ ਪੇਰੈਂਟਸ ਦੀ ਕਿਤਾਬਾਂ ਵਿੱਚ ਕੀਤੀ ਜਾਂਦੀ ਭਾਰੀ ਲੁੱਟ ਦੇ ਖਿਲਾਫ ਲੜਾਈ ਲੜਦਿਆਂ ਬੁੱਕ ਮਾਫੀਆ ਵੱਲੋਂ ਝੂਠੇ ਕੇਸ ਵਿਚ ਜਿੱਤ ਮਿਲਣ ਤੇ ਮੈਂਬਰਾਂ ਵੱਲੋ ਐਸੋਸੀਏਸ਼ਨ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਧਮੋਲੀ,ਐਡਵੋਕੇਟ ਸੰਜੇ ਬੱਗਾ,ਮਨੀਸ਼ ਕੁਮਾਰ ਬੱਤਰਾ,ਇੰਦਰਮੀਤ ਸਿੰਘ ਮਨੀ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਪੇਰੈਂਟਸ ਐਸੋਸੀਏਸ਼ਨ ਦੇ ਪ੍ਰਧਾਨ ਗੁਰਪ੍ਰੀਤ ਸਿੰਘ ਧਮੋਲੀ ਨੇ ਦੱਸਿਆ ਕਿ ਪੇਰੈਂਟਸ ਦੀ ਕਿਤਾਬਾਂ ਵਿੱਚ ਹੁੰਦੀ ਲੁੱਟ ਰੋਕਣ ਬਦਲੇ ਬੁੱਕ ਮਾਫੀਆ ਵੱਲੋਂ ਝੂਠਾ ਪਰਚਾ 2018 ਵਿੱਚ ਦਰਜ਼ ਕਰਵਾਇਆ ਗਿਆ ਸੀ ਹੁਣ ਸੱਤ ਸਾਲ ਬਾਅਦ ਮਾਨਯੋਗ ਹਾਈਕੋਰਟ ਵੱਲੋਂ ਇਨਸਾਫ ਮਿਲਿਆ ਹੈ ਤੇ ਸਾਡੀ ਜਿੱਤ ਹੋਈ ਹੈ। ਇਹ ਕੇਸ ਇਸ ਲਈ ਦਰਜ ਕਰਵਾਇਆ ਗਿਆ ਸੀ ਕਿ ਪੇਰੈਂਟਸ ਐਸੋਸੀਏਸ਼ਨ ਮਾਪਿਆਂ ਦੀ ਸਕੂਲ ਅਤੇ ਬੁੱਕ ਮਾਫੀਆ ਵਲੋਂ ਕੀਤੀ ਜਾ ਰਹੀ ਲੁੱਟ ਦੀ ਗੱਲ ਨਾ ਕਰਨ। ਇਸ ਮੌਕੇ ਉਹਨਾਂ ਵਿਸ਼ੇਸ਼ ਤੌਰ ਤੇ ਐਡੋਵਕੇਟ ਸੰਜੇ ਬੱਗਾ ਜੀ ਦਾ ਧੰਨਵਾਦ ਕਰਦੇ ਉਹਨਾਂ ਨੂੰ ਮਨਮਾਨਿਤ ਕੀਤਾ ਗਿਆ ਜਿਹਨਾਂ ਇਕ ਰੁਪਿਆ ਲਏ ਬਗੈਰ ਇਹ ਕੇਸ ਲੜਿਆ। ਇਸ ਮੌਕੇ ਸੁਰਿੰਦਰ ਸਿੰਘ ਬੰਟੀ ਖਾਨਪੁਰ,ਸੁਖਜਿੰਦਰ ਸਿੰਘ ਸੁੱਖੀ, ਰਣਜੀਤ ਸਿੰਘ ਢਕਾਨਸੂ, ਜਰਨੈਲ ਸਿੰਘ ਫੋਰਡ ਮਿਸਤਰੀ, ਬਿਕਰਮਜੀਤ ਸਿੰਘ ਨਲਾਸ ਰੋਡ, ਬਲਕਾਰ ਸਿੰਘ ਕੋਟਲਾ, ਧਰਮਾ ਖਾਨਪੁਰ,ਹਰਿੰਦਰ ਸਿੰਘ ਵਾਲਿਆ,ਸੁਰਜਨ ਸਿੰਘ ਉਕਸੀ

## ਦਿੱਲੀ ਜਿੱਤੀ ਹੁਣ ਪੰਜਾਬ ਦੀ ਵਾਰੀ : ਸ਼ਰੁਤੀ ਵਿਜ

### ਕਿਹਾ : ਦਿੱਲੀ ਵਿੱਚ ਜਿੱਤ ਦਾ ਸਿੱਧਾ ਅਸਰ ਪੰਜਾਬ ਉੱਤੇ ਪਵੇਗਾ

### ਢੋਲ ਦੀ ਥਾਪ ਤੇ ਪਾਇਆ ਭੰਗੜਾ ਅਤੇ ਲੱਡੂ ਵੰਡ ਕੇ ਕੀਤਾ ਖੁਸ਼ੀ ਦਾ ਇਜ਼ਹਾਰ



ਅਮ੍ਰਿਤਸਰ , 8 ਫਰਵਰੀ ( ) : ਦਿੱਲੀ ਦੀ ਵਿਧਾਨਸਭਾ ਉੱਤੇ ਭਾਰਤੀਯ ਜਨਤਾ ਪਾਰਟੀ ਵੱਲ ਲੋਕਾਂ ਦਾ ਸਪੱਸ਼ਟ ਜਨਾਦੇਸ਼ ਇਹ ਸਿੱਧ ਕਰਦਾ ਹੈ ਕਿ ਲੋਕ ਅਰਵਿੰਦ ਕੇਜਰੀਵਾਲ ਦੀ ਸਰਕਾਰ ਤੋਂ ਪੂਰੀ ਤਰ੍ਹਾਂ ਵਲੋਂ ਹਤਾਸ਼ , ਨਿਰਾਸ਼ ਅਤੇ ਪ੍ਰੇਸ਼ਾਨ ਹੋ ਚੁੱਕੇ ਸਨ । ਦਿੱਲੀ ਜਿੱਤ ਲਈ ਹੈ , ਹੁਣ ਪੰਜਾਬ ਦੀ ਵਾਰੀ ਹੈ । ਦਿੱਲੀ ਦੀ ਜਿੱਤ ਦਾ ਅਸਰ ਪੰਜਾਬ ਉੱਤੇ ਸਿੱਧਾ ਦੇਖਣ ਨੂੰ ਮਿਲੇਗਾ ਅਤੇ ਪੰਜਾਬ ਵਿੱਚ ਭਾਜਪਾ ਮਜਬੂਤੀ ਨਾਲ 2027 ਵਿੱਚ ਹੋਣ ਵਾਲੇ ਚੋਣ ਵਿੱਚ ਵਧੀਆ ਪ੍ਰਦਰਸ਼ਣ ਕਰਦੇ ਹੋਏ ਸਰਕਾਰ ਬਣਾਏਗੀ । ਇਹ ਗੱਲ ਵਾਰਡ ਨੰਬਰ 10 ਤੋਂ ਕੌਂਸਲਰ ਅਤੇ ਭਾਜਪਾ ਮਹਿਲਾ ਮੋਰਚਾ ਅਮ੍ਰਿਤਸਰ ਦੀ ਪ੍ਰਧਾਨ ਸ਼ਰੁਤੀ ਵਿਜ ਨੇ ਦਿੱਲੀ ਵਿੱਚ ਭਾਜਪਾ ਦੀ ਜਿੱਤ ਦੇ ਦੌਰਾਨ ਮਜੀਠਾ ਰੋਡ ਸਥਿਤ ਆਪਣੇ ਦਫ਼ਤਰ ਵਿੱਚ ਲੱਡੂ ਵੰਡਣ ਦੇ ਦੌਰਾਨ ਮੀਡਿਆ ਨਾਲ ਗੱਲਬਾਤ ਦੇ ਦੌਰਾਨ ਕਹੀ ਨ੍ਹੂੰਨੇ ਕਿਹਾ ਕਿ ਅਰਵਿੰਦ ਕੇਜਰੀਵਾਲ ਅਤੇ ਮਨੀਸ਼ ਸਿਸੋਦਿਆ ਆਦਿ ਨੇਤਾਵਾਂ ਦਾ ਹਾਰਨਾ ਇਹ ਸਾਬਤ ਕਰਦਾ ਹੈ ਕਿ ਦਿੱਲੀ ਦੇ ਲੋਕਾਂ ਨੇ ਝੂਠ ਦੀ ਸਰਕਾਰ ਨੂੰ ਸਬਕ ਸਿਖਾਇਆ ਹੈ । ਆਮ ਆਦਮੀ ਪਾਰਟੀ ਦੀ ਸਰਕਾਰ ਨੇ ਚੋਣ ਵਿੱਚ ਜਨਤਾ ਨੂੰ ਝੂਠੇ ਵਾਦੇ ਕਰਕੇ ਸੱਤਾ ਉੱਤੇ ਕਾਬਿਜ ਹੋਈ । ਇੱਕ ਵੀ ਵਾਦਾ ਪੂਰਾ ਨਹੀਂ ਕੀਤਾ । ਪੰਜਾਬ ਦੀ ਜਨਤਾ ਆਪਣੇ ਆਪ ਨੂੰ ਠਗਿਆ ਹੋਇਆ ਮਹਿਸੂਸ ਕਰ ਰਹੀ ਹੈ । ਲੋਕਾਂ ਦੇ ਪ੍ਰਤੀ ਪੰਜਾਬ ਸਰਕਾਰ ਦਾ ਰਵੱਈਆ ਵਧੀਆ ਨਹੀਂ ਹੈ । ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ । ਲੋਕਾਂ ਵਿੱਚ ਡਰ ਦਾ ਮਾਹੌਲ ਹੈ । ਵਿਕਾਸ ਪੂਰੀ ਤਰ੍ਹਾਂ ਰੁਕਿਆ ਹੋਇਆ ਹੈ । ਅਜਿਹੇ ਅਨੇਕਾਂ ਕਾਰਨ ਹੈ ਜਿਸਦੇ ਨਾਲ ਪੰਜਾਬ ਦੀ ਜਨਤਾ ਹੁਣ ਆਮ ਆਦਮੀ ਪਾਰਟੀ ਨੂੰ ਮੂੰਹ ਨਹੀਂ ਲਗਾਏਗੀ । ਭਾਜਪਾ ਯੁਵਾ ਨੇਤਰੀ ਸ਼ਰੁਤੀ ਵਿਜ ਨੇ ਕਿਹਾ ਕਿ ਔਰਤਾਂ ਨੂੰ ਕੀਤਾ ਹੋਇਆ ਵਾਦਾ ₹1100 ਦੇਣ ਦਾ ਉਹ ਪੂਰਾ ਨਹੀਂ ਹੋਣ ਕਾਰਨ ਔਰਤਾਂ ਵਿੱਚ ਨਰਾਜਗੀ ਹੈ । ਇਹੀ ਨਹੀਂ ਹਰ ਉਸ ਵਰਗ ਨੂੰ ਨਰਾਜਗੀ ਹੈ ਜਿਸਦੇ ਨਾਲ ਆਮ ਆਦਮੀ ਪਾਰਟੀ ਨੇ ਚੋਣ ਦੌਰਾਨ ਵਾਦੇ ਕੀਤੇ ਸਨ । ਹੁਣ ਪੰਜਾਬ ਦੀ ਜਨਤਾ ਇਸ ਲੁਭਾਵਨੇ ਝਾਂਸਿਆ ਵਿੱਚ ਨਹੀਂ ਆਵੇਗੀ ਅਤੇ ਪੰਜਾਬ ਵਿੱਚ ਵੀ 2027 ਦੇ ਚੋਣ ਵਿੱਚ ਭਾਜਪਾ ਨੂੰ ਲਿਆਕੇ ਡਬਲ ਇੰਜਨ ਦੀ ਸਰਕਾਰ ਬਣਾਏਗੀ । ਇਸ ਮੌਕੇ ਉੱਤੇ ਹਲਕਾ ਉੱਤਰੀ ਦੇ ਇਨਚਾਰਜ ਸੁਖਮਿੰਦਰ ਸਿੰਘ ਪਿੰਟੂ , ਨਾਰਥ ਬਾਇਪਾਸ ਮੰਡਲ ਪ੍ਰਧਾਨ ਕਿਸ਼ੋਰ ਰੈਨਾ , ਸ਼ਕਤੀ ਕੇਂਦਰ ਪ੍ਰਮੁੱਖ ਪ੍ਰਮੋਦ ਮਹਾਜਨ , ਅੰਕੁਰ ਅਰੋੜਾ , ਵਿਕਰਮ ਡੰਡੋਨਾ , ਨਰੇਂਦਰ ਜੌਲੀ , ਇੰਦਰਪਾਲ ਸਿੰਘ ਅਤੇ ਹੋਰ ਮੌਜੂਦ ਸਨ ।

## ਆਮ ਆਦਮੀ ਪਾਰਟੀ ਨੇ ਦਿਵਿਆਂਗ ਵਰਗ ਨੂੰ ਦੋ ਹਿੱਸਿਆਂ ਵਿੱਚ ਵੰਡਣ ਦਾ ਦਿੱਲੀ ਵਿੱਚ ਭੁਗਤਿਆ ਖਮਿਆਜ਼ਾ - ਸੂਬਾ ਪ੍ਰਧਾਨ ਸੈਣੀ



ਗੁਰਪ੍ਰੀਤ ਸਿੰਘ ਕੱਦ ਗਿੱਲ ਤਰਨਤਾਰਨ 8 ਫਰਵਰੀ ਆਮ ਆਦਮੀ ਪਾਰਟੀ ਦੀ ਦਿੱਲੀ ਵਿਧਾਨ ਸਭਾ ਚੋਣਾਂ ਦੌਰਾਨ ਹੋਈ ਸ਼ਰਮਨਾਕ ਹਾਰ ਦੇ ਕਈ ਕਾਰਨ ਹਨ ਪ੍ਰੰਤੂ ਪੰਜਾਬ ਦਿਵਿਆਂਗ ਐਕਸ਼ਨ ਕਮੇਟੀ ਦੇ ਸੂਬਾ ਪ੍ਰਧਾਨ ਲਖਵੀਰ ਸਿੰਘ ਸੈਣੀ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਮੈਂ ਵੋਟਾਂ ਤੋਂ ਪਹਿਲਾਂ ਵੀ ਸਖ਼ਤ ਸ਼ਬਦਾਂ ਵਿੱਚ ਵਿਰੋਧ ਕੀਤਾ ਸੀ ਕਿ ਦਿੱਲੀ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਦਿਵਿਆਂਗ ਵਿਅਕਤੀਆਂ ਨੂੰ ਦੋ ਭਾਗਾਂ ਵਿੱਚ ਵੰਡ ਕੇ ਪੈਨਸ਼ਨ ਦੇਣ ਦਾ ਫਾਰਮੂਲਾ ਗ਼ਲਤ ਹੈ ਇਸਨੂੰ ਲਾਗੂ ਨਾ ਕੀਤਾ ਜਾਵੇ ਕਿਉਂਕਿ ਕੁਦਰਤੀ ਜਾਂ ਅਣਹੋਣੀ ਕਾਰਨ ਜਦੋਂ ਕੋਈ ਵੀ ਵਿਅਕਤੀ ਆਪਣੇ ਅੰਗਾਂ ਜਾਂ ਮਾਨਸਿਕ ਤੌਰ ਤੇ ਕਮਜ਼ੋਰ ਹੋ ਜਾਂਦਾ ਹੈ ਉਸ ਲਈ ਲਾਗੂ ਮਾਪਦੰਡਾਂ ਅਨੁਸਾਰ 40% ਨਕਾਰਾ ਵਿਅਕਤੀ ਮੈਡੀਕਲ ਜਾਂਚ ਤੋਂ ਬਾਅਦ ਸਹੂਲਤਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ ਪ੍ਰੰਤੂ ਦਿੱਲੀ ਵਿੱਚ ਪਿੱਛਲੇ ਸਾਲ ਅਕਤੂਬਰ ਮਹੀਨੇ ਵਿੱਚ ਸਮਾਜਿਕ ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਵੱਲੋਂ ਪੈਨਸ਼ਨ ਵਧਾਉਣ ਲਈ 70% ਤੋਂ 100% ਦਿਵਿਆਂਗ ਵਿਅਕਤੀਆਂ ਨੂੰ ਲਾਭ ਦੇਣ ਲਈ ਕਾਰਵਾਈ ਕੀਤੀ ਗਈ, ਜਦਕਿ 40% ਤੋਂ 70% ਦਿਵਿਆਂਗ ਵਿਅਕਤੀਆਂ ਨੂੰ ਅਣਗੌਲਿਆਂ ਕੀਤਾ ਗਿਆ ਜਿਸ ਕਾਰਨ ਘੱਟ ਮੈਡੀਕਲ ਸਰਟੀਫਿਕੇਟ ਵਾਲੇ ਦਿਵਿਆਂਗ ਵਿਅਕਤੀਆਂ ਵਿੱਚ ਕਾਫੀ ਰੋਸ਼ ਪਾਇਆ ਜਾ ਰਿਹਾ ਸੀ ਕਿ ਅੱਜ ਉਸੇ ਦਾ ਹੀ ਨਤੀਜਾ ਹੈ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਹਾਰ ਹੋਈ ਉੱਥੇ ਹੀ ਉੱਥੇ ਸਮਾਜ ਸੇਵੀ ਅੰਨਾ ਹਜ਼ਾਰੇ ਦੇ ਸੰਘਰਸ਼ਮਈ ਅੰਦੋਲਨ ਵਿੱਚੋਂ ਨਿਕਲੇ ਸ੍ਰੀ ਅਰਵਿੰਦ ਕੇਜਰੀਵਾਲ ਵੀ ਆਪਣੀ ਸੀਟ ਨਹੀਂ ਬਚਾਅ ਸਕੇ। ਸੈਣੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੀ ਦਿੱਲੀ ਵਾਂਗ ਦਿਵਿਆਂਗ ਵਿਅਕਤੀਆਂ ਨੂੰ ਦੋ ਹਿੱਸਿਆਂ ਵਿੱਚ ਵੰਡ ਕੇ ਪੈਨਸ਼ਨ ਦੇਣ ਦਾ ਫਾਰਮੂਲਾ ਤਿਆਰ ਕਰ ਰਹੀ ਹੈ ਜਿਸਦਾ ਦਿਵਿਆਂਗ ਐਕਸ਼ਨ ਕਮੇਟੀ ਵੱਲੋਂ ਵਿਰੋਧ ਹੀ ਨਹੀਂ ਕੀਤਾ ਜਾਵੇਗਾ ਸਗੋਂ ਸੂਬਾ ਪੱਧਰੀ ਸੰਘਰਸ਼ ਵਿੱਢਿਆ ਜਾਵੇਗਾ। ਜੇਕਰ ਇਸ ਸਲਾਨਾ ਸੈਸ਼ਨ ਦੌਰਾਨ ਚੋਣਾਂ ਦੌਰਾਨ 2500/ ਦੀ ਦਿੱਤੀ ਗਰੰਟੀ ਤੇ ਸਰਕਾਰ ਨੇ ਚੁੱਪੀ ਧਾਰੀ ਤਾਂ ਸਾਰੀਆਂ ਦਿਵਿਆਂਗ ਤੇ ਬਲਾਇੰਡ ਜਥੇਬੰਦੀਆਂ ਸਾਂਝੇ ਤੌਰ ਤੇ ਐਕਸ਼ਨ ਲੈਣ ਦੀ ਤਿਆਰੀ ਵਿੱਚ ਬੈਠੀਆਂ ਹਨ ।

## ਅਮਰੀਕਾ ਤੋਂ ਡਿਪੋਰਟ ਕੀਤੇ ਗਏ ਪੰਜਾਬੀਆਂ ਦੀ ਆਰਥਿਕ ਤੌਰ ਤੇ ਕੀਤੀ ਜਾਵੇ ਮਦਦ*

### ਮੈਂ ਆਪਣੀ ਅਤੇ ਆਪਣੀ ਪਤਨੀ ਸਾਬਕਾ ਐਮ.ਐਲ.ਏ ਨਰਿੰਦਰ ਕੌਰ ਲੂੰਬਾ ਦੀ ਇੱਕ ਮਹੀਨੇ ਦੀ ਪੈਨਸ਼ਨ ਉਪਰੋਕਤ ਪਰਿਵਾਰਾਂ ਦੀ ਮਦਦ ਲਈ ਦਾਨ ਕਰਨ ਨੂੰ ਤਿਆਰ (ਅਕਾਲੀ ਦਲ ਦੇ ਹਲਕਾ ਸੇਵਾਦਾਰ ਅਤੇ ਸਾਬਕਾ ਡੀਟੀਓ ਕਰਨ ਸਿੰਘ)



ਸ੍ਰੀ ਚਮਕੌਰ ਸਾਹਿਬ 8 ਫਰਵਰੀ (ਹਰਦਿਆਲ ਸਿੰਘ ਸੰਧੂ) ਅਮਰੀਕਾ ਤੋਂ ਡੀਪੋਰਟ ਕੀਤੇ ਗਏ ਪੰਜਾਬੀਆਂ ਦੀ ਆਰਥਿਕ ਤੌਰ ਤੇ ਕੀਤੀ ਜਾਵੇ ਮਦਦ ਇਹਨਾਂ ਸ਼ਬਦਾਂ ਦਾ ਪ੍ਰਗਟਾਵਾ

ਅਕਾਲੀ ਦਲ ਦੇ ਹਲਕਾ ਸੇਵਾਦਾਰ ਅਤੇ ਸਾਬਕਾ ਡੀਟੀਓ ਕਰਨ ਸਿੰਘ ਨੇ ਪ੍ਰੈਸ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਦੱਸਿਆ ਕਿ ਸਾਡੇ ਪੰਜਾਬੀ ਬੱਚਿਆਂ ਨੂੰ ਉਹਨਾਂ ਦੇ ਮਾਪਿਆਂ ਨੇ ਭਾਰੀ ਕਰਜਾ ਚੁੱਕ ਕੇ ਰੋਜੀ ਰੋਟੀ ਦੀ ਭਾਲ ਵਿੱਚ ਅਮਰੀਕਾ ਭੇਜਿਆ ਸੀ ਪ੍ਰੰਤੂ ਉਥੇ ਟਰੰਪ ਸਰਕਾਰ ਨੇ ਉਹਨਾਂ ਨੂੰ ਹੱਥਕੜੀਆਂ ਬੇੜੀਆਂ ਵਿੱਚ ਜਕੜ ਕੇ ਵਾਪਸ ਭਾਰਤ ਭੇਜ ਦਿੱਤਾ। ਅਮਰੀਕਾ ਦਾ ਉਨਾਂ ਨੂੰ ਇੱਥੇ ਭੇਜਣਾ ਸਾਨੂੰ ਪੰਜਾਬੀਆਂ ਨੂੰ ਜਲੀਲ ਕਰਨ ਦੇ ਬਰਾਬਰ ਹੈ। ਉੱਤੋਂ ਭਾਰਤ ਸਰਕਾਰ ਨੇ ਇਹ ਜਹਾਜ਼ ਵੀ ਪੰਜਾਬ ਦੀ ਧਰਤੀ ਤੇ ਉਤਾਰਿਆ ਜਦਕਿ ਇਹਨਾਂ ਵਿੱਚੋਂ ਵਧੇਰੇ ਨੌਜਵਾਨ ਗੁਜਰਾਤ ਹਰਿਆਣੇ ਅਤੇ ਹੋਰ ਸਟੇਟਾਂ ਦੇ ਵੀ ਸਨ। ਇਸ ਤੋਂ ਸਾਫ ਪਤਾ ਚੱਲਦਾ ਕਿ ਸਰਕਾਰਾਂ ਨੇ ਹਮੇਸ਼ਾ ਹੀ ਪੰਜਾਬੀਆਂ ਨੂੰ ਬਦਨਾਮ ਕਰਨ ਦੀਆਂ ਚਾਲਾਂ ਚੱਲੀਆਂ ਹਨ ਉਹਨਾਂ ਕਿਹਾ ਕਿ ਆਰਥਿਕ ਤੌਰ ਤੇ ਟੁੱਟੇ ਪੰਜਾਬੀ ਪਰਿਵਾਰਾਂ ਦੀ ਮਦਦ ਲਈ ਹਰ ਪੰਜਾਬੀ ਅਤੇ ਸਮਜ ਸੇਵੀ ਸੰਸਥਾਵਾਂ ਨੂੰ ਅੱਗੇ ਆਉਣਾ ਚਾਹੀਦਾ ਹੈ ਅਤੇ ਇਨ੍ਹਾਂ ਪਰਿਵਾਰਾਂ ਦੀ ਮੱਦਦ ਕਰਨੀ ਚਾਹੀਦੀ ਹੈ। ਉਨ੍ਹਾਂ ਇਸ ਮੰਤਵ ਲਈ ਸ਼ੁਰੂਆਤੀ ਐਲਾਨ ਕਰਦਿਆਂ ਕਿਹਾ ਕਿ ਮੈਂ ਆਪਣੀ ਅਤੇ ਆਪਣੀ ਪਤਨੀ ਸਾਬਕਾ ਐਮ.ਐਲ.ਏ ਨਰਿੰਦਰ ਕੌਰ ਲੂੰਬਾ ਦੀ ਇੱਕ ਮਹੀਨੇ ਦੀ ਪੈਨਸ਼ਨ ਉਪਰੋਕਤ ਪਰਿਵਾਰਾਂ ਦੀ ਮਦਦ ਲਈ ਦਾਨ ਕਰਨ ਨੂੰ ਤਿਆਰ ਹਾਂ। ਉਹਨਾਂ ਇਹ ਵੀ ਕਿਹਾ ਕਿ ਜੇਕਰ ਪੰਜਾਬ ਦੇ ਹਰ ਪਿੰਡ ਵਿੱਚੋਂ ਅਜਿਹੀ ਮਦਦ ਕੀਤੀ ਜਾਵੇ ਤਾਂ ਇਹਨਾਂ ਪਰਿਵਾਰਾਂ ਦੀ ਮਾਲੀ ਜਰੂਰਤ ਪੂਰੀ ਹੋ ਸਕਦੀ ਹੈ। ਇਸ ਮੌਕੇ ਅਮਨਦੀਪ ਸਿੰਘ ਮਾਗਟ, ਬਿੰਦਰੀ ਜੰਡ ਪੁਰ, ਗੁਰਪ੍ਰੀਤ ਸਿੰਘ, ਆਦਿ ਹਾਜਰ ਸਨ।

# ਭਗਤ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਉਤਸਵ ਤੇ ਵੱਖ ਵੱਖ ਪਿੰਡਾਂ ਵਿਚ ਸੰਖੇਪ ਜੀਵਨੀ ਅਤੇ ਇਤਿਹਾਸ ਬਾਰੇ ਜਾਣਕਾਰੀ ਦੇਣ ਦਾ ਕੀਤਾ ਜਾ ਰਿਹਾ ਉਪਰਾਲਾ-*ਸਟੇਟ ਅਵਾਰਡੀ ਪੰਜਾਬ ਕਲਾ ਮੰਚ ਰਜਿ*



ਸ੍ਰੀ ਚਮਕੌਰ ਸਾਹਿਬ 08 ਫਰਵਰੀ(ਹਰਦਿਆਲ ਸਿੰਘ ਸੰਧੂ)ਪੰਜਾਬ ਕਲਾ ਮੰਚ ਰਜਿ: (ਸਟੇਟ ਐਵਾਰਡ) ਸ੍ਰੀ ਚਮਕੌਰ ਸਾਹਿਬ ਦੀ ਮਹੀਨਾਵਾਰ ਮੀਟਿੰਗ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਵਿਖੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਦੇ ਸਬੰਧ ਵਿੱਚ ਜਾਣਕਾਰੀ ਦਿੰਦਿਆਂ ਹੋਇਆਂ ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੰਬਰ ਦੱਸਿਆ ਕਿ ਪੰਜਾਬ ਕਲਾ ਮੰਚ ਵੱਲੋਂ ਲੋਕਲ ਗੁਰਦੁਆਰਾ ਕਮੇਟੀਆਂ ਅਤੇ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਭਗਤ ਸ੍ਰੀ ਗੁਰੂ ਰਵਿਦਾਸ ਜੀ ਦੇ 648ਵੇਂ ਪ੍ਰਕਾਸ਼ ਉਤਸਵ ਨੂੰ ਸਮਰਪਿਤ 7 ਪਿੰਡਾਂ ਵਿਚ ਮਿਤੀ 12 ਫਰਵਰੀ ਦਿਨ ਬੁੱਧਵਾਰ ਨੂੰ 11ਵਜੇ ਭਗਤ ਰਵਿਦਾਸ ਜੀ ਦੇ ਸੰਖੇਪ ਇਤਿਹਾਸ ਅਤੇ ਜੀਵਨੀ ਸਬੰਧੀ ਜਾਣਕਾਰੀ ਦਿੱਤੀ ਜਾਵੇਗੀ ਇਹ 7 ਪਿੰਡ ਫਤਿਹਪੁਰ, ਮਨਜੀਤ ਪੁਰਾ, ਮਕੜੌਨਾ ਕਲਾਂ, ਗਧਰਾਮ ਖ਼ੁਰਦ, ਬਰਸਾਲ ਪੁਰ, ਚੂਹੜ ਮਾਜਰਾ ਸ੍ਰੀ ਗੁਰੂ ਰਵਿਦਾਸ ਸੇਵਾ ਸੁਸਾਇਟੀ ਅਤੇ ਰਾਈਵਾੜਾ ਮੁਹੱਲਾ ਸ੍ਰੀ ਚਮਕੌਰ ਸਾਹਿਬ ਤੋਂ ਇਲਾਵਾ 3 ਪਿੰਡ ਅਰਨੌਲੀ, ਦੁੱਮਣਾ ਅਤੇ ਮਕੜੌਨਾ ਖੁਰਦ ਵਿਖੇ ਪ੍ਰਸ਼ਨ ਉੱਤਰ ਮੁਕਾਬਲਿਆਂ ਵਿਚ ਜੇਤੂਆਂ ਨੂੰ ਮੈਡਲਾਂ ਨਾਲ ਸਨਮਾਨਿਤ ਕੀਤਾ ਜਾਵੇਗਾ। ਮੀਟਿੰਗ ਵਿੱਚ ਗਿਆਨ ਸਿੰਘ ਸੱਲੋ ਮਾਜਰਾ, ਮਨਮੋਹਨ ਸਿੰਘ ਕਮਾਲਪੁਰ, ਸਾਬਕਾ ਸਰਪੰਚ ਸੋਮ ਸਿੰਘ ਮੁੰਡੀਆਂ, ਸਵਰਨ ਸਿੰਘ ਸੈਣੀ, ਮਨਮੋਹਣ ਸਿੰਘ ਕਾਲਾ, ਬਲਜੀਤ ਸਿੰਘ ਬੱਸੀ ਗੁੱਜਰਾਂ, ਚਰਨਜੀਤ ਸਿੰਘ ਮੁੰਡੀਆਂ, ਰਾਮਪਾਲ ਸਿੰਘ ਡਹਿਰ ਅਤੇ ਸੇਵਾ ਸਿੰਘ ਭੂਰੜੇ ਆਦਿ ਮੈਬਰ ਹਾਜ਼ਰ

# ਅਮਰੀਕਾ ਤੋਂ ਡਿਪੋਰਟ ਹੋਏ ਭਾਰਤੀਆਂ ਨਾਲ ਅਣਮਨੁੱਖੀ ਸਲੂਕ ਨੂੰ ਰੋਕਣ 'ਚ ਨਾਕਾਮ ਰਹੀ ਮੋਦੀ ਸਰਕਾਰ - ਧਾਲੀਵਾਲ



ਫਗਵਾੜਾ 8 ਫਰਵਰੀ (ਸ਼ਿਵ ਕੌੜਾ) ਆਲ ਇੰਡੀਆ ਕਾਂਗਰਸ ਕਮੇਟੀ ਦੀਆਂ ਹਦਾਇਤਾਂ 'ਤੇ ਕਾਂਗਰਸ ਪਾਰਟੀ ਨੇ ਅੱਜ ਹਲਕਾ ਵਿਧਾਇਕ ਬਲਵਿੰਦਰ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਫਗਵਾੜਾ 'ਚ ਮੋਦੀ ਸਰਕਾਰ ਦਾ ਪੁਤਲਾ ਫੂਕ ਕੇ ਜਬਰਦਸਤ ਰੋਸ ਮੁਜਾਹਰਾ ਕੀਤਾ। ਇਸ ਦੌਰਾਨ ਵਿਧਾਇਕ ਧਾਲੀਵਾਲ ਨੇ ਕਿਹਾ ਕਿ ਅਮਰੀਕਾ ਤੋਂ ਭਾਰਤੀਆਂ ਨੂੰ ਜਬਰੀ ਵਾਪਸ ਭੇਜਣ ਅਤੇ ਅਣਮਨੁੱਖੀ ਵਿਵਹਾਰ ਨੂੰ ਰੋਕਣ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਉਹਨਾਂ ਦੀ ਸਰਕਾਰ ਪੂਰੀ ਤਰ੍ਹਾਂ ਨਾਲ ਨਾਕਾਮ ਰਹੀ ਹੈ। ਉਹਨਾਂ ਕਿਹਾ ਕਿ ਮੋਦੀ ਕਹਿੰਦੇ ਹਨ ਕਿ ਟਰੰਪ ਉਹਨਾਂ ਦੇ ਜਿਗਰੀ ਦੋਸਤ ਹਨ। ਜੇਕਰ ਟਰੰਪ ਮੋਦੀ ਦੇ ਦੋਸਤ ਹਨ ਤਾਂ ਭਾਰਤੀਆਂ ਦੀ ਬੇਇੱਜਤੀ ਕਰਕੇ ਉਹਨਾਂ ਨੇ ਇਹ ਕਿਹੜੀ ਦੋਸਤੀ ਨਿਭਾਈ ਹੈ, ਇਸਦਾ ਜਵਾਬ ਦੇਸ਼ ਦੀ ਜਨਤਾ ਅੱਜ ਮੋਦੀ ਸਰਕਾਰ ਤੋਂ ਮੰਗਦੀ ਹੈ। ਸਮੂਹ ਕਾਂਗਰਸੀਆਂ ਵਲੋਂ ਭਾਜਪਾ ਸਰਕਾਰ ਵਿਰੁੱਧ ਜੋਰਦਾਰ ਨਾਅਰੇਬਾਜ਼ੀ ਵਿਚਕਾਰ ਵਿਧਾਇਕ ਧਾਲੀਵਾਲ ਨੇ ਕਿਹਾ ਕਿ ਅਮਰੀਕਾ ਤੋਂ ਡਿਪੋਰਟ ਕੀਤੇ ਗਏ 104 ਭਾਰਤੀਆਂ ਨੂੰ ਉੱਥੇ ਲੀਗਲ ਸਟੇਅ ਲਈ ਜਾਂ ਇੱਜਤ ਨਾਲ ਭਾਰਤ ਵਾਪਸੀ ਯਕੀਨੀ ਬਨਾਉਣ ਲਈ ਅਮਰੀਕਾ ਸਥਿਤ ਭਾਰਤੀ ਦੂਤਾਵਾਸ ਦੀ ਸਹਾਇਤਾ ਲੈਣੀ ਚਾਹੀਦੀ ਸੀ। ਉਨ੍ਹਾਂ ਕਿਹਾ ਕਿ ਭਾਰਤ ਪਰਤੇ ਨੌਜਵਾਨਾਂ ਨੇ ਜਿਸ ਤਰ੍ਹਾਂ ਆਪਣੇ ਘਰਾਂ ਵਿੱਚ ਪਹੁੰਚ ਕੇ ਜਹਾਜ ਵਿੱਚ ਹੱਥਕੜੀਆਂ ਤੇ ਪੈਰਾਂ ਵਿੱਚ ਜੰਜੀਰਾਂ ਲਗਾ ਕੇ ਲਿਆਂਦੇ ਜਾਨ ਦੀਆਂ ਦਾਸਤਾਨਾਂ ਸੁਣਾਈਆਂ ਹਨ ਉਹ ਬਹੁਤ ਹੀ ਤ੍ਰਾਸ਼ਦੀ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਅਮਰੀਕਾ ਤੋਂ ਅੰਮ੍ਰਿਤਸਰ ਦੀ ਉਡਾਨ ਤਕਰੀਬਨ 17-18 ਘੰਟੇ ਦੀ, ਉਹ ਵੀ ਯਾਤਰੀ ਜਹਾਜ਼ ਨਾ ਹੋ ਕੇ ਫੌਜ ਦੇ ਮਾਲ ਢੋਣ ਵਾਲੇ ਜਹਾਜ ਵਿੱਚ ਹੋਵੇ ਅਤੇ ਉਪਰੋਂ ਹੱਥਕੜੀਆਂ ਤੇ ਬੇੜੀਆਂ ਲੱਗੀਆਂ ਹੋਣ ਤਾਂ ਇਸ ਤੋਂ ਵੱਡਾ ਤਸ਼ੱਦਦ ਕੋਈ ਹੋਰ ਨਹੀਂ ਹੋ ਸਕਦਾ। ਧਾਲੀਵਾਲ ਨੇ ਕਿਹਾ ਕਿ ਇਹ ਨੌਜਵਾਨ ਅਮਰੀਕਾ ਵਿੱਚ ਕਿਰਤ ਕਰਨ ਲਈ ਗਏ ਸਨ। ਉਹਨਾਂ ਨੇ ਕੋਈ ਸੰਗੀਨ ਜੁਰਮ ਨਹੀਂ ਕੀਤਾ ਸੀ ਜੋ ਅਪਰਾਧੀਆਂ ਵਰਗਾ ਵਤੀਰਾ ਕੀਤਾ ਗਿਆ। ਉਹਨਾਂ ਇਸ ਦੇ ਲਈ ਸਿੱਧੇ ਤੌਰ ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਵਿਦੇਸ਼ ਮੰਤਰੀ ਜੈ ਸ਼ੰਕਰ ਨੂੰ ਜਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਭਾਰਤ ਸਰਕਾਰ ਦਾ ਫਰਜ਼ ਬਣਦਾ ਸੀ ਕਿ ਉਹ ਭਾਰਤੀਆਂ ਦੀ ਵਾਪਸੀ ਦਾ ਖੁੱਦ ਪ੍ਰਬੰਧ ਕਰਦੇ। ਇਸ ਮੌਕੇ ਵੱਡੀ ਗਣਤੀ ਵਿਚ ਕਾਂਗਰਸ ਪਾਰਟੀ ਦੇ ਅਹੁਦੇਦਾਰ, ਮੈਂਬਰ ਅਤੇ ਸਮਰਥਕ ਹਾਜਰ ਸਨ।

# ਪੰਜਾਬ 'ਚ ਕਾਂਗਰਸ ਦੀ ਵਾਪਸੀ ਦਾ ਰਸਤਾ ਹੋਇਆ ਸਾਫ਼



ਫਗਵਾੜਾ 8 ਫਰਵਰੀ (ਸ਼ਿਵ ਕੌੜਾ) ਦਿੱਲੀ ਵਿਚ ਅਰਵਿੰਦ ਕੇਜਰੀਵਾਲ ਸਮੇਤ ਆਮ ਆਦਮੀ ਪਾਰਟੀ ਦੇ ਦਿੱਗਜ ਆਗੂਆਂ ਦੀ ਕਰਾਰੀ ਹਾਰ 'ਤੇ ਤਿੱਖੀ ਟਿੱਪਣੀ ਕਰਦਿਆਂ ਬਲਾਕ ਕਾਂਗਰਸ ਫਗਵਾੜਾ ਸ਼ਹਿਰੀ ਦੇ ਜਨਰਲ ਸਕੱਤਰ ਅੰਕੁਸ਼ ਧੀਮਾਨ ਨੇ ਅੱਜ ਕਿਹਾ ਕਿ ਆਪ-ਮੁਹਾਰੇ ਕੱਟੜ ਇਮਾਨਦਾਰ ਅਖਵਾਉਣ ਵਾਲੇ ਅਰਵਿੰਦ ਕੇਜਰੀਵਾਲ ਦਾ ਚਿਹਰਾ ਦਿੱਲੀ 'ਚ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ। ਹੁਣ ਪੰਜਾਬ ਦੇ ਲੋਕ ਵੀ ਇਸ ਪਾਰਟੀ ਨੂੰ ਦਿੱਲੀ ਵਾਂਗ ਹੀ ਸੱਤਾ ਤੋਂ ਬੇਦਖਲ ਕਰਨ ਲਈ ਬੇਤਾਬ ਹਨ। ਜੇਕਰ ਅੱਜ ਪੰਜਾਬ ਵਿੱਚ ਚੋਣਾਂ ਹੋ ਜਾਣ ਤਾਂ ਜਿਸ ਤਰ੍ਹਾਂ ਦਿੱਲੀ ਦੇ ਲੋਕਾਂ ਨੇ 'ਝਾੜੂ' ਚੋਣ ਨਿਸ਼ਾਨ ਨੂੰ ਕਫ਼ਨ ਪਾਇਆ ਹੈ, ਪੰਜਾਬ ਦੇ ਲੋਕ ਹਮੇਸ਼ਾ ਲਈ ਦਫ਼ਨ ਕਰਕੇ ਹੀ ਛੱਡਣਗੇ। ਅੰਕੁਸ਼ ਧੀਮਾਨ ਨੇ ਕਿਹਾ ਕਿ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਦਿੱਲੀ ਦੀ ਸੱਤਾ ਵਿੱਚ ਆਈ ਸੀ, ਪਰ ਮੁੱਖ ਮੰਤਰੀ ਕੇਜਰੀਵਾਲ ਸਮੇਤ ਇਸ ਦੇ ਕਈ ਸੀਨੀਅਰ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਮਹੀਨਿਆਂ ਤੋਂ ਸਾਲਾਂ ਤੱਕ ਸਜ਼ਾ ਭੁਗਤ ਚੁੱਕੇ ਹਨ। ਉਹੀ ਸ਼ਰਾਬ ਘੁਟਾਲਾ ਜਿਸ ਦਾ ਪਰਦਾਫਾਸ਼ ਸਭ ਤੋਂ ਪਹਿਲਾਂ ਕਾਂਗਰਸ ਨੇ ਕੀਤਾ ਸੀ ਅਤੇ ਆਮ ਆਦਮੀ ਦੇ ਪੈਸੇ ਨਾਲ ਬਣਾਏ ਸ਼ੀਸ਼ ਮਹਿਲ ਨੇ ਦਿੱਲੀ ਵਿੱਚ 'ਆਪ' ਪਾਰਟੀ ਦੀ ਕਬਰ ਪੁੱਟ ਦਿੱਤੀ ਹੈ। ਪੰਜਾਬ ਵਿੱਚ ਵੀ 'ਆਪ' ਪਾਰਟੀ ਨੇ ਝੂਠ ਬੋਲ ਕੇ ਸੱਤਾ ਤਾਂ ਹਾਸਲ ਕੀਤੀ ਹੈ ਪਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਜਿਸ ਵਿੱਚ ਫਗਵਾੜਾ ਨੂੰ ਜ਼ਿਲ੍ਹਾ ਬਣਾਉਣ ਦਾ ਮਾਮਲਾ ਸ਼ਹਿਰ ਵਾਸੀਆਂ ਦੇ ਸਾਹਮਣੇ ਇਸ ਗੱਲ ਦਾ ਪ੍ਰਤੱਖ ਸਬੂਤ ਹੈ ਕਿ ਮੁੱਖ ਮੰਤਰੀ ਭਗਵੰਤ ਮਾਨ ਤੋਂ ਲੈ ਕੇ ਇਸ ਪਾਰਟੀ ਦੇ ਸਾਰੇ ਵੱਡੇ ਆਗੂ ਤੇ ਵਰਕਰ ਸਿਰਫ਼ ਝੂਠ ਦੀ ਦੁਕਾਨ ਹੀ ਚਲਾਉਂਦੇ ਹਨ। ਪੰਜਾਬ ਅੱਜ ਵੀ ਨਸ਼ਿਆਂ, ਮਾਫੀਆ, ਗੈਂਗਸਟਰਾਂ ਅਤੇ ਚੋਰੀਆਂ, ਡਕੈਤੀਆਂ, ਲੁੱਟਾਂ-ਖੋਹਾਂ ਅਤੇ ਕਤਲਾਂ ਦੀ ਮਾਰ ਝੱਲ ਰਿਹਾ ਹੈ। ਇਸ ਲਈ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ 'ਚ 'ਆਪ' ਦੀ ਪੰਜਾਬ 'ਚੋਂ ਵਿਦਾਈ ਅਤੇ ਕਾਂਗਰਸ ਦੀ ਵਾਪਸੀ ਤੈਅ ਹੈ। ਇਸ ਮੌਕੇ ਉਨ੍ਹਾਂ ਨਾਲ ਮੁਕੇਸ਼ ਭਾਟੀਆ, ਅਗਮ ਪਰਾਸ਼ਰ, ਬੌਬੀ ਵੋਹਰਾ, ਜੱਸੀ, ਸੰਜੀਵ, ਟੀਟੂ ਆਦਿ ਹਾਜ਼ਰ ਸਨ।

# ਜਰਖੜ ਖੇਡਾਂ ਦੇ ਦੂਜੇ ਦਿਨ ਵੱਖ ਵੱਖ ਖੇਡਾਂ ਦੇ ਹੋਏ ਰੋਮਾਂਚਕ ਮੁਕਾਬਲੇ

## ਕੈਬਨਿਟ ਮੰਤਰੀ ਤਰਨਪ੍ਰੀਤ ਸਿੰਘ ਸੌਂਧ ਨੇ ਜਰਖੜ ਵਿਖੇ ਐਸਟ੍ਰੋਟਰਫ ਲਗਾਉਣ ਦਾ ਭਰੋਸਾ ਅਤੇ 5 ਲੱਖ ਰੁਪਏ ਦੀ ਦਿੱਤੀ ਗਰਾਂਟ







ਜਰਖੜ ਲੁਧਿਆਣਾ 8 ਫਰਵਰੀ (ਕਰਨੈਲ ਸਿੰਘ ਐੱਮ.ਏ.) ਰੁਆਇਲ ਐਨਫੀਲਡ, ਕੋਕਾ ਕੋਲਾ, ਏਵਨ ਸਾਈਕਲ ਜਰਖੜ ਮਾਡਰਨ ਪੇਂਡੂ ਮਿੰਨੀ ਓਲੰਪਿਕ ਖੇਡਾਂ ਦੇ ਦੂਸਰੇ ਦਿਨ ਜਿੱਥੇ ਹਾਕੀ ਫੁਟਬਾਲ ਕਬੱਡੀ ਵਾਲੀਬਾਲ ਮੁਕਾਬਲੇ ਮੁੱਖ ਖਿੱਚ ਦਾ ਕੇਂਦਰ ਰਹੇ ਉੱਥੇ ਵੱਖ ਵੱਖ ਕਾਰਪੋਰੇਟ ਹਾਊਸ ਵੱਲੋਂ ਲੱਗੀਆਂ ਪ੍ਰਦਰਸ਼ਨੀਆਂ ਦਾ ਵੀ ਲੋਕਾਂ ਨੇ ਭਰਪੂਰ ਆਨੰਦ ਮਾਣਿਆ।

ਅੱਜ ਦੂਸਰੇ ਦਿਨ ਸਰਦਾਰ ਤਰਨਪ੍ਰੀਤ ਸਿੰਘ ਸੌਂਧ ਕੈਬਨਿਟ ਮੰਤਰੀ ਪੰਜਾਬ ਨੇ ਮੁੱਖ ਮਹਿਮਾਨ ਵਜੋਂ ਟੂਰਨਾਮੈਂਟ ਵਿੱਚ ਸ਼ਿਰਕਤ ਕਰਦਿਆਂ ਜਰਖੜ ਸਟੇਡੀਅਮ ਨੂੰ ਪੰਜਾਬ ਦੀ ਖੇਡ ਵਿਰਾਸਤ ਐਲਾਨ ਦਿਆ ਜਰਖੜ ਟਰੱਸਟ ਵਾਸਤੇ 5 ਲੱਖ ਰੁਪਏ ਦੀ ਗਰਾਉਂਡ ਦੇਣ ਦਾ ਐਲਾਨ ਕੀਤਾ। ਇਸ ਮੌਕੇ ਉਹਨਾਂ ਨੇ ਜਰਖੜ ਖੇਡ ਸਟੇਡੀਅਮ ਵਿਖੇ ਫੁੱਲ ਐਸਟਰੋਟਰਫ਼ ਲਾਉਣ ਦਾ ਵੀ ਪੂਰਨ ਭਰੋਸਾ ਦਿੱਤਾ ਅਤੇ ਖੇਡ ਵਿਭਾਗ ਦੇ ਡਾਇਰੈਕਟਰ ਸਾਹਿਬ ਨੂੰ ਫੋਨ ਦੇ ਉੱਤੇ ਹੀ ਕੇਸ ਦੀ ਪ੍ਰਕਿਰਿਆ ਸ਼ੁਰੂ ਕਰਨ ਦਾ ਕਰਨ ਦੀ ਹਿਦਾਇਤ ਦਿੱਤੀ। ਇਸ ਤੋਂ ਇਲਾਵਾ ਤਰਸੇਮ ਸਿੰਘ ਭਿੰਡਰ ਚੇਅਰਮੈਨ ਨਗਰ ਸੁਧਾਰ ਟਰਸਟ ,ਸੱਜਣ ਸਿੰਘ ਚੀਮਾ ਅਰਜਨਾ ਐਵਾਰਡੀ ਇੰਚਾਰਜ ਸੁਲਤਾਨਪੁਰ ਲੋਧੀ , ਅਹਿਬਾਬ ਸਿੰਘ ਗਰੇਵਾਲ ਮੁੱਖ ਸਪੋਕਸਮੈਨ ਆਪ,ਸ੍ਰੀ ਅਸ਼ੋਕ ਬਾਵਾ ਮੈਨੇਜਰ ਵਿਸ਼ਾਲ ਸਾਈਕਲ , ਮਨਜੀਤ ਸਿੰਘ ਕਨੇਡਾ, ਸਤਵਿੰਦਰ ਸਿੰਘ ਸਰਾਂ ਅਮਰੀਕਾ , ਦੇਵ ਸਿੰਘ ਐਸਪੀ ਪੰਜਾਬ ਪੁਲਿਸ, ਹਰਜਿੰਦਰ ਸਿੰਘ ਗਿੱਲ ਡੀਐਸਪੀ ਥਾਣਾ ਸਦਰ, ਅਮਰਿੰਦਰ ਸਿੰਘ ਰਿੰਕੂ , ਮਨਜੀਤ ਸਿੰਘ ਬਚਨ ਗੈਸ ਨੇ ਵੀ ਮੁੱਖ ਮਹਿਮਾਨ ਵਜੋਂ ਵੱਖ-ਵੱਖ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ ਜਦਕਿ ਕਬੱਡੀ ਮੈਚਾਂ ਦੀ ਸ਼ੁਰੂਆਤ ਰੋਇਲ ਐਨਫੀਲਡ ਮੋਟਰਸਾਈਕਲ ਦੇ ਮਾਰਕੀਟਿੰਗ ਮੈਨੇਜਰ ਸ੍ਰੀ ਮਨੀਸ਼ ਸੁਹੇਲ ਅਤੇ ਮੋਹਿਤ ਸਿੰਘ ਏਰੀਆ ਮੈਨੇਜਰ , ਦਿਲਜੀਤ ਨਾਰੰਗ ਦਿੱਲੀ ਨੇ ਕੀਤੀ। ਖੇਡਾਂ ਦੇ ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ। ਅੱਜ ਕਬੱਡੀ ਓਪਨ ਨਾਇਬ ਸਿੰਘ ਗਰੇਵਾਲ ਜੇਧਾ ਕਬੱਡੀ ਕੱਪ ਦੇ ਮੁੱਢਲੇ ਗੇੜ ਦੇ ਮੈਚਾਂ ਵਿੱਚ ਜੋਧਾਂ ਨੇ ਬਟਹਾਰੀ ਨੂੰ ,ਕੰਗਣਵਾਲ ਨੇ ਨਿਜਾਮਪਰ ਨੂੰ ,ਕੈਂਡ ਨੇ ਜਸਪਾਲਾਂਗਰ ਨੂੰ, ਕਡਿਆਣਾ ਨੇ ਜਰਖੜ ਨੂੰ ,ਜੱਬੋ ਮਾਜਰਾ ਨੇ ਘਲੋਟੀ ਨੂੰ, ਪੜੈਣ ਨੇ ਰਾਮਗੜ੍ਹ ਭੁੱਲਰਾਂ ਨੂੰ ਜਰਗੜੀ ਨੇ ਝੇਰੱਰਾ ਨੂੰ,ਨੰਦਪੁਰ ਨੇ ਹਠੂਰ ਨੂੰ ਕੇ ਅਗਲੇ ਗੇੜ ਵਿੱਚ ਪ੍ਰਵੇਸ਼ ਕੀਤਾ ਜਦਕਿ ਫੁਟਬਾਲ ਵਿੱਚ ਬਟਹਾਰੀ ਨੇ ਗਿੱਲ ਨੂੰ, ਕਡਿਆਣਾ ਨੇ ਬੁਰਜ ਹਕੀਮਾਂ ਨੂੰ, ਗਗੜਾ ਨੇ ਡਾਂਗੋ ਨੂੰ ਸੀਲੋਂ ਨੇ ਮੰਡਿਆਲਾ ਨੂੰ ਹਰਾ ਕੇ ਸੈਮੀਫਾਈਨਲ ਵਿੱਚ ਪ੍ਰਵੇਸ਼ ਪਾਇਆ। ਹਾਕੀ ਸੀਨੀਅਰ ਵਰਗ ਵਿੱਚ ਘਵੱਦੀ ਕਲੱਬ ਨੇ ਪੀਆਈਐਸ ਲੁਧਿਆਣਾ ਨੂੰ 8-4 ਨਾਲ, ਜਲੰਧਰ ਨੇ ਕਿਲਾ ਰਾਏਪੁਰ ਨੂੰ 5-4 ਨਾਲ, ਹਰਾਇਆ। ਜਦਕਿ ਲੜਕੀਆਂ ਵਿੱਚ ਅਮਰਗੜ੍ਹ ਨੇ ਮੁੰਡੀਆ ਕਲਾ ਨੂੰ 2-0 ਪੀਆਈਐਸ ਬਠਿੰਡਾ ਨੇ ਲਵਲੀ ਯੂਨੀਵਰਸਿਟੀ ਨੂੰ 7-3 ਨਾਲ, ਅੰਮ੍ਰਿਤਸਰ ਨੇ ਰਾਜਪੁਰਾ ਨੂੰ 8-4 ਨਾਲ, ਪੰਜਾਬੀ ਯੂਨੀਵਰਸਿਟੀ ਪਟਿਆਲੇ ਨੇ ਲੁਧਿਆਣਾ ਨੂੰ 8-0 ਹਰਾਇਆ।

ਜਰਖੜ ਖੇਡਾਂ ਦੇ ਚੇਅਰਮੈਨ ਨਰਿੰਦਰ ਪਾਲ ਸਿੰਘ ਸਿੱਧੂ ਪ੍ਰਧਾਨ ਐਡਵੋਕੇਟ ਹਰਕਮਲ ਸਿੰਘ ਨੇ ਦੱਸਿਆ ਕਿ ਕਿ ਭਲਕੇ 9 ਫ਼ਰਵਰੀ ਨੂੰ ਆਖਰੀ ਦਿਨ ਫਾਈਨਲ ਸਮਾਰੋਹ ਤੇ ਕਬੱਡੀ ਓਪਨ ,ਲੜਕੀਆਂ ਦੇ ਫੁਟਬਾਲ ਮੁਕਾਬਲੇ ਹਾਕੀ ਦੇ ਵੱਖ ਵੱਖ ਸੈਮੀਫਾਈਨਲ ਅਤੇ ਫਾਈਨਲ ਮੁਕਾਬਲੇ ਮੁੱਖ ਕਿਸ ਦਾ ਕੇਂਦਰ ਹੋਣਗੇ । ਜੇਤੂ ਟੀਮਾਂ ਨੂੰ ਇਨਾਮਾਂ ਦੀ ਵੰਡ ਮੁੱਖ ਮਹਿਮਾਨ ਗੁਰਮੀਤ ਸਿੰਘ ਖੁਡੀਆਂ ਕੈਬਨਿਟ ਮੰਤਰੀ ਪੰਜਾਬ, ਅਮਨ ਅਰੋੜਾ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ ਅਤੇ ਕੈਬਨਿਟ ਮੰਤਰੀ ਕਰਨਗੇ । ਫਾਈਨਲ ਸਮਾਰੋਹ ਦੀ ਪ੍ਰਧਾਨਗੀ ਸੰਤ ਬਾਬਾ ਬਲਬੀਰ ਸਿੰਘ ਸੀਚੇਵਾਲ, ਵਿਧਾਇਕ ਜੀਵਨ ਸਿੰਘ ਸੰਗੋਵਾਲ ਹਲਕਾ ਗਿੱਲ ਕਰਨਗੇ। ਇਸ ਤੋਂ ਇਲਾਵਾ ਉੱਘੇ ਲੋਕ ਗਾਇਕਾਂ ਦਾ ਖੁੱਲਾ ਅਖਾੜਾ ਅਤੇ 6 ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ

# ਰਾਜ ਜੁਮਲਿਆਂ ਨਾਲ ਨਹੀਂ ਸਗੋਂ ਲੋਕ ਜੁਗਤਾ ਨਾਲ ਚਲਦੇ ਨੇ : ਸੁਬਾਸ਼ ਸ਼ਰਮਾ



ਗੁਰਤੇਜ ਜੋਸ਼ੀ ਮਾਲੇਰਕੋਟਲਾ 08 ਫਰਵਰੀ । ਦੇਸ਼ ਦੀ ਰਾਜਧਾਨੀ ਦਿੱਲੀ ਦੇ ਲੋਕਾਂ ਨੇ ਭਾਜਪਾ ਦੇ ਹੱਕ ਵਿੱਚ ਇਤਿਹਾਸਿਕ ਫਤਵਾ ਦੇ ਕੇ ਆਮ ਆਦਮੀ ਪਾਰਟੀ ਨੂੰ ਮੁਲਕ ਦੀ ਰਾਜਨੀਤੀ 'ਚ ਉਸ ਦਾ ਅਸਲ ਮੁਕਾਮ ਦਰਸਾ ਦਿੱਤਾ ਹੈ। ਦਿੱਲੀ ਦੇ ਵੋਟਰਾਂ ਨੇ ਸਿਰਫ ਭਾਜਪਾ ਨੂੰ ਹੀ ਨਹੀਂ ਜਿਤਾਇਆ ਸਗੋਂ ਭਾਜਪਾ ਦੀਆਂ ਦੇਸ਼ ਪੱਖੀ ਨੀਤੀਆਂ ਦੀ ਪ੍ਰੋੜਤਾ ਇੱਕ ਅਜਿਹੇ ਢੰਗ ਨਾਲ ਕੀਤੀ ਹੈ ਕਿ ਭਾਜਪਾ ਦੀ ਇਹ ਜਿੱਤ ਹਮੇਸ਼ਾ ਮੁਲਕ ਦੀ ਰਾਜਨੀਤੀ ਵਿੱਚ ਜ਼ਿਕਰਯੋਗ ਰਹੇਗੀ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਭਾਜਪਾ ਦੇ ਸੀਨੀਅਰ ਆਗੂ ਸੁਬਾਸ਼ ਸ਼ਰਮਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕੀਤਾ। ਦਿੱਲੀ 'ਚ ਭਾਜਪਾ ਦੀ ਜਿੱਤ 'ਤੇ ਬਾਗੋ ਬਾਗ਼ ਹੋਏ ਸੁਬਾਸ਼ ਸ਼ਰਮਾ ਨੇ ਕਿਹਾ ਕਿ ਕੌਮੀ ਰਾਜਧਾਨੀ ਦੇ ਲੋਕਾਂ ਨੇ 'ਆਪ' ਨੂੰ ਦੱਸ ਦਿੱਤਾ ਹੈ ਕਿ ਰਾਜ ਜੁਮਲਿਆਂ ਨਾਲ ਨਹੀਂ ਸਗੋਂ ਲੋਕ ਪੱਖੀ ਨੀਤੀਆਂ ਨਾਲ ਚੱਲਦੇ ਹਨ ਅਤੇ ਇਹ ਨੀਤੀਆਂ ਸਿਰਫ਼ ਤੇ ਸਿਰਫ਼ ਭਾਜਪਾ ਕੋਲ ਹੀ ਹਨ। ਉਹਨਾਂ ਨੇ ਕਿਹਾ ਕਿ ਵਿਸ਼ਵ ਪ੍ਰਸਿੱਧ ਦਿੱਲੀ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਅਗਵਾਈ 'ਚ ਬੇਮਿਸਾਲ ਭਰੋਸਾ ਪ੍ਰਗਟ ਕੀਤਾ ਹੈ। ਅਰਵਿੰਦ ਕੇਜਰੀਵਾਲ ਨੇ ਸਬਜਬਾਗਾਂ ਤੇ ਜੁਮਲਿਆਂ ਨਾਲ ਦਿੱਲੀ ਦੇ ਲੋਕਾਂ ਨੂੰ 10 ਸਾਲ ਸਿਆਸੀ ਤੌਰ 'ਤੇ ਮੂਰਖ ਬਣਾਇਆ ਅਤੇ ਹੁਣ ਲੋਕਾਂ ਨੇ ਕੇਜਰੀਵਾਲ ਦੀ ਪਾਰਟੀ ਨੂੰ ਅਜਿਹੇ ਮੁਕਾਮ 'ਤੇ ਧੱਕ ਦਿੱਤਾ ਕਿ ਦੇਸ਼ ਦੀ ਰਾਜਨੀਤੀ 'ਚ ਉਸ ਦੇ ਪੈਰ ਨਹੀਂ ਲੱਗਣਗੇ। 'ਆਪ' ਨੇ ਕੌਮੀ ਰਾਜਧਾਨੀ ਦਾ ਹਰ ਖੇਤਰ 'ਚ ਨਕਸ਼ਾ ਵਿਗਾੜਿਆ ਪਰੰਤੂ ਹੁਣ ਭਾਜਪਾ ਕੌਮੀ ਰਾਜਨੀਤੀ ਨੂੰ ਇਸ ਤਰ੍ਹਾਂ ਸੰਵਾਰੇਗੀ ਕਿ ਵਿਸ਼ਵ ਪੱਧਰ 'ਤੇ ਗੱਲਾਂ ਹੋਣਗੀਆਂ। ਅਰਵਿੰਦ ਕੇਜਰੀਵਾਲ ਅਤੇ ਜੁੰਡਲੀ ਨੇ ਦਿੱਲੀ ਦੇ ਲੋਕਾਂ ਦਾ ਟੈਕਸਾਂ ਦਾ ਪੈਸਾ ਤੇ ਖੂਨ ਪਸੀਨੇ ਦੀ ਕਮਾਈ ਨੂੰ ਸ਼ੀਸ਼ ਮਹਿਲ 'ਤੇ ਪਾਣੀ ਵਾਂਗ ਵਹਾਇਆ ਪਰੰਤੂ ਹੁਣ ਸਮਾਂ ਲੋਕ ਪੱਖੀ ਰਾਜਨੀਤੀ ਦਾ ਹੈ ਜਿਸ ਦੀ ਭਾਜਪਾ ਹੀ ਪਹਿਰੇਦਾਰ ਹੈ। ਭਾਜਪਾ ਦੀ ਦਿੱਲੀ ਜਿੱਤ ਦੇ ਸੰਦਰਭ ਵਿੱਚ ਪੰਜਾਬ ਦੀ ਰਾਜਨੀਤੀ ਬਾਰੇ ਵੀ ਟਿੱਪਣੀ ਕਰਦੇ ਹੋਏ ਕਿਹਾ ਕਿ ਹੁਣ ਪੰਜਾਬ 'ਚ ਵੀ ਝਾੜੂ ਤੀਲਾ ਤੀਲਾ ਹੋਵੇਗਾ ਕਿਉਂਕਿ ਜਦੋਂ ਕਮਾਂਡਰ ਹੀ ਹਾਰ ਜਾਵੇ ਤਾਂ ਸਿਪਾਹੀ ਫੌਜ ਛੱਡ ਕੇ ਭੱਜਣ ਲੱਗ ਜਾਂਦੇ ਹਨ। ਦਿਲੀ 'ਚ ਆਪ ਦੀ ਹਾਰ ਦੀ ਇਖ਼ਲਾਕੀ ਜ਼ਿੰਮੇਵਾਰੀ ਕਬੂਲਦੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਸਤੀਫਾ ਦੇ ਦੇਣਾ ਚਾਹੀਦਾ ਕਿਉਂਕਿ ਭਗਵੰਤ ਮਾਨ ਨੇ ਪੰਜਾਬ ਦਾ ਪੈਸਾ ਦਿੱਲੀ ਜਾ ਕੇ ਲੁਟਾਇਆ। ਉਹਨਾਂ ਪੰਜਾਬ ਦੇ ਭਾਜਪਾ ਵਰਕਰਾਂ ਨੂੰ ਖਾਸ ਕਰਕੇ ਜ਼ਿਲ੍ਹਾ ਮਾਲੇਰਕੋਟਲਾ ਦੇ ਵਰਕਰਾਂ ਨੂੰ ਦਿੱਲੀ ਜਿੱਤ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਹਰ ਆਗੂ ਤੇ ਵਰਕਰ ਦਾ ਇਸ ਜਿੱਤ ਦੇ ਵਿੱਚ ਵਡਮੁੱਲਾ ਯੋਗਦਾਨ ਹੈ।

# ਸੋਸ਼ਲ ਮੀਡੀਆ 'ਤੇ ਗਲਤ ਪ੍ਰਚਾਰ ਪੁਲਸ ਨੇ ਕੀਤੀ ਕਾਰਵਾਈ ਪੁਲਸ ਵਲੋਂ ਧਾਰਾ 500, 501 ਤੇ 506 ਆਈਪੀਸੀ ਤਹਿਤ ਕੀਤੀ ਗਈ ਕਾਰਵਾਈ



ਬਟਾਲਾ :8 ਫਰਵਰੀ (ਬਲਦੇਵ ਸਿੰਘ ਖਾਲਸਾ/ ਸੁਨੀਲ ਬਟਾਲਵੀ/ ਅਸ਼ੋਕ ਜਰੇਵਾਲ)ਸੋਸ਼ਲ ਮੀਡੀਆ 'ਤੇ ਗਲਤ ਪ੍ਰਚਾਰ ਕਰਨ ਅਤੇ ਧਮਕੀਆਂ ਦੇਣ ਤੇ ਤੰਗ ਪ੍ਰੇਸ਼ਾਨ ਕਰਨ ਵਾਲੀ ਅੰਮ੍ਰਿਤਸਰ ਦੀ ਰਹਿਣ ਵਾਲੀ ਇਕ ਔਰਤ ਦੇ ਵਿਰੁੱਧ ਥਾਣਾ ਸਿਵਲ ਲਾਈਨ ਦੀ ਪੁਲਸ ਵਲੋਂ ਧਾਰਾ 500, 501 ਤੇ 506 ਆਈਪੀਸੀ ਤਹਿਤ ਕਾਰਵਾਈ ਕੀਤੀ ਗਈ ਹੈ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਰਮੇਸ਼ ਕੁਮਾਰ ਵਾਸੀ ਗ੍ਰੀਨ ਸਿਟੀ ਕਾਲੋਨੀ ਕਾਦੀਆਂ ਰੋਡ ਬਟਾਲਾ ਨੇ ਕਿਹਾ ਕਿ ਉਹ ਪਿਛਲੇ ਲੰਬੇ ਸਮੇਂ ਤੋਂ ਸ੍ਰੀ ਧਿਆਨਪੁਰ ਧਾਮ 'ਚ ਸੇਵਾ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਰਜਨੀ ਪਤਨੀ ਅਸ਼ੋਕ ਕੁਮਾਰ ਵਾਸੀ ਵਾਈਟ ਇੰਨਕਲੇਵ ਮਜੀਠਾ ਰੋਡ ਅੰਮ੍ਰਿਤਸਰ ਵਲੋਂ ਪਿਛਲੇ ਲੰਬੇ ਸਮੇਂ ਤੋਂ ਵੱਟਸਐਪ 'ਤੇ ਫੋਨ ਕਰਕੇ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾ ਰਿਹਾ ਹੈ ਅਤੇ ਇਸ ਦੌਰਾਨ ਕਈ ਵਾਰ ਮੋਹਤਬਰਾਂ ਅਤੇ ਪੁਲਸ ਦੀ ਹਾਜ਼ਰੀ 'ਚ ਉਕਤ ਔਰਤ ਨੇ ਉਨ੍ਹਾਂ ਤੋਂ ਮਾਫੀ ਵੀ ਮੰਗੀ ਹੈ। ਉਨ੍ਹਾਂ ਕਿਹਾ ਕਿ ਹੁਣ ਫਿਰ ਉਕਤ ਔਰਤ ਵਲੋਂ ਸ੍ਰੀ ਧਿਆਨਪੁਰ ਧਾਮ ਅਤੇ ਦਰਬਾਰ ਦੇ ਮਹਾਰਾਜ ਜੀ ਦੇ ਵਿਰੁੱਧ ਸੋਸ਼ਲ ਮੀਡੀਆ 'ਤੇ ਗਲਤ ਪ੍ਰਚਾਰ ਕਰਕੇ ਦਰਬਾਰ ਦੀਆਂ ਸੰਗਤਾਂ ਦੇ ਮਨ ਨੂੰ ਠੇਸ ਪਹੁੰਚਾਈ ਗਈ ਹੈ ਅਤੇ ਉਕਤ ਔਰਤ ਵਲੋਂ ਲਗਾਤਾਰ ਦਰਬਾਰ ਦੇ ਪ੍ਰਤੀ ਗਲਤ ਪੋਸਟ ਅਪਲੋਡ ਕਰਕੇ ਬੇਅਦਬੀ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਸਦੇ ਨਾਲ ਹੀ ਉਕਤ ਔਰਤ ਵਲੋਂ ਉਨ੍ਹਾਂ ਦੇ ਵਿਰੁੱਧ ਵੀ ਸੋਸ਼ਲ ਮੀਡੀਆ 'ਤੇ ਗਲਤ ਪੋਸਟ ਅਪਲੋਡ ਕਰਕੇ ਉਨ੍ਹਾਂ ਨੂੰ ਬਦਨਾਮਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਇਸ ਸੰਬੰਧ 'ਚ ਲਗਾਤਾਰ ਪੁਲਸ ਪ੍ਰਸ਼ਾਸਨ ਦੇ ਉਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ ਹੈ। ਉਨ੍ਹਾਂ ਕਿਹਾ ਕਿ 1 ਫਰਵਰੀ 2023 ਨੂੰ ਉਕਤ ਔਰਤ ਨੇ ਮੋਹਤਬਰਾਂ ਦੀ ਹਾਜ਼ਰੀ 'ਚ ਉਨ੍ਹਾਂ ਤੋਂ ਮਾਫੀ ਵੀ ਮੰਗ ਸੀ ਅਤੇ ਅੱਗੇ ਤੋਂ ਅਜਿਹਾ ਨਾ ਕਰਨ ਦੀ ਗੱਲ ਵੀ ਕਹੀ ਸੀ ਪਰ ਇਸ ਤੋਂ ਬਾਅਦ ਫਿਰ ਉਸਨੇ ਉਨ੍ਹਾਂ ਨੂੰ ਫੋਨ ਕਰਕੇ ਤੰਗ ਪ੍ਰੇਸ਼ਾਨ ਕਰਨਾ ਸ਼ੁਰੂ ਕਰ ਦਿੱਤਾ। ਰਮੇਸਸ਼ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਵਲੋਂ ਇਸ ਸੰਬੰਧ 'ਚ ਪੁਲਸ ਦੇ ਉਚ ਅਧਿਕਾਰੀਆਂ ਨੂੰ ਜਾਣੂ ਕਰਵਾਇਆ ਗਿਆ ਹੈ ਜਿਸ ਤੋਂ ਬਾਅਦ ਥਾਣਾ ਸਿਵਲ ਲਾਈਨ ਦੀ ਪੁਲਸ ਵਲੋਂ ਉਕਤ ਔਰਤ ਦੇ ਵਿਰੁੱਧ 500, 501 ਅਤੇ 506 ਆਈਪਸੀ ਤਹਿਤ ਕਾਰਵਾਈ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਉਕਤ ਔਰਤ ਵਲੋਂ ਸਾਜਿਸ਼ ਦੇ ਤਹਿਤ ਵਾਰ ਵਾਰ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ ਪਰ ਉਹ ਉਕਤ ਔਰਤ ਦੀਆਂ ਇਨ੍ਹਾਂ ਧਮਕੀਆਂ ਤੋਂ ਨਹੀਂ ਡਰਨ ਵਾਲੇ ਅਤੇ ਹੁਣ ਉਹ ਉਕਤ ਔਰਤ ਦੇ ਵਿਰੁੱਧ ਮਾਣਯੋਗ ਅਦਾਲਤ ਦਾ ਦਰਵਾਜਾ ਖੜਕਾਉਣਗੇ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਕਾਨੂੰਨ 'ਚ ਪੂਰਾ ਵਿਸ਼ਵਾਸ ਹੈ ਅਤੇ ਉਨ੍ਹਾਂ ਨੂੰ ਪੂਰਾ ਯਕੀਨ ਹੈ ਕਿ ਮਾਣਯੋਗ ਅਦਾਲਤ ਵਲੋਂ ਉਨ੍ਹਾਂ ਨੂੰ ਇਨਸਾਫ ਦਿਵਾ ਕੇ ਉਕਤ ਔਰਤ ਨੂੰ ਉਸਦੇ ਅਪਰਾਧਾਂ ਦੀ ਸਜਾ ਦਿੱਤੀ ਜਾਵੇਗੀ।

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 11 ਅਤੇ 12 ਫਰਵਰੀ ਨੂੰ ਗੁਰਦਾਸਪੁਰ ਜਿਲ੍ਹੇ ਦੇ ਸਾਰੇ ਸ਼ਰਾਬ ਦੇ ਠੇਕੇ ਬੰਦ ਰੱਖੇ ਜਾਣ ,,ਪ੍ਰਧਾਨ ਜੱਸੀ ਤਲਣ



ਬਟਾਲਾ 08 ਫਰਵਰੀ (ਬਲਦੇਵ ਸਿੰਘ ਖਾਲਸਾ/ਸੁਨੀਲ ਬਟਾਲਵੀ) ਜੈ ਗੁਰੂਦੇਵ ਧੰਨ ਗੁਰੂਦੇਵ ਜੀ ਅੱਜ ਸ਼੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਰਜਿਸਟਰ ਪੰਜਾਬ ਯੂਨਿਟ ਗੁਰਦਾਸਪੁਰ ਵੱਲੋਂ ਪੰਜਾਬ ਪ੍ਰਧਾਨ ਜੱਸੀ ਤਲਣ ਜੀ ਦੇ ਦਿਸ਼ਾ ਨਿਰਦੇਸ਼ਾਂ ਤੇ ਮਾਨਯੋਗ ਡਿਪਟੀ ਕਮਿਸ਼ਨਰ ਗੁਰਦਾਸਪੁਰ ਜੀ ਨੂੰ ਇੱਕ ਚਿੱਠੀ ਦਿੱਤੀ ਗਈ ਜਿਸ ਵਿੱਚ ਮੰਗ ਕੀਤੀ ਗਈ ਕੀ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਦੇ ਸਬੰਧ ਵਿੱਚ 11 ਅਤੇ 12 ਫਰਵਰੀ ਨੂੰ ਗੁਰਦਾਸਪੁਰ ਜਿਲ੍ਹੇ ਦੇ ਸਾਰੇ ਸ਼ਰਾਬ ਦੇ ਠੇਕੇ ਬੰਦ ਰੱਖੇ ਜਾਣ 11 ਤਰੀਕ ਨੂੰ ਜਿਲੇ ਵਿੱਚ ਕਾਫੀ ਜਗ੍ਹਾ ਨਗਰ ਕੀਰਤਨ ਨਿਕਲਦੇ ਹਨ ਤੇ 12 ਤਰੀਕ ਨੂੰ ਜ਼ਿਲ੍ਹੇ ਦੇ ਸਾਰੇ ਗੁਰੂ ਰਵਿਦਾਸ ਮੰਦਰ ਅਤੇ ਗੁਰੂ ਦੁਆਰਿਆਂ ਚ ਸਮਾਗਮ ਹੁੰਦੇ ਹਨ ਇਸ ਲਈ ਸ੍ਰੀ ਗੁਰੂ ਰਵਿਦਾਸ ਟਾਈਗਰ ਫੋਰਸ ਪੰਜਾਬ ਦੇ ਜਿਲਾ ਪ੍ਰਧਾਨ ਰਜੇਸ਼ ਲਹੌਰੀਆ ਵੱਲੋਂ ਬੇਨਤੀ ਕੀਤੀ ਗਈ 11 ਅਤੇ 12 ਫਰਵਰੀ ਨੂੰ ਜਿਲੇ ਦੇ ਸਾਰੇ ਸ਼ਰਾਬ ਦੇ ਠੇਕੇ ਬੰਦ ਰੱਖੇ ਜਾਣ ਤਾਂ ਜੋ ਨਗਰ ਕੀਰਤਨਾਂ ਵਿੱਚ ਕਿਸੇ ਸ਼ਰਾਰਤੀ ਅਨਸਰ ਵੱਲੋਂ ਸ਼ਰਾਬ ਪੀ ਕੇ ਕੋਈ ਖਰਾਬੀ ਨਾ ਕੀਤੀ ਅਤੇ 12 ਤਰੀਕ ਨੂੰ ਕਿਸੇ ਵੀ ਮੰਦਰ ਗੁਰਦੁਆਰੇ ਵਿੱਚ ਕਿਸੇ ਕਿਸਮ ਦੀ ਬੇਅਦਬੀ ਨਾ ਹੋ ਸਕੇ ਦੇਖਣ ਚ ਆਇਆ ਹੈ ਕਿ ਕਾਫੀ ਸ਼ਹਿਰਾਂ ਵਿੱਚ 11 ਅਤੇ 12 ਫਰਵਰੀ ਨੂੰ ਸ਼ਰਾਬ ਦੇ ਠੇਕੇ ਬੰਦ ਰਹਿਣੇ ਹਨ ਸੋ ਅਸੀਂ ਵੀ ਬੇਨਤੀ ਕਰਦੇ ਹਾਂ ਕੀ ਸਾਡੀਆਂ ਧਾਰਮਿਕ ਭਾਵਨਾ ਨੂੰ ਦੇਖਦੇ ਹੋਏ 11 ਅਤੇ 12 ਫਰਵਰੀ ਨੂੰ ਸ਼ਰਾਬ ਦੇ ਠੇਕੇ ਬੰਦ ਰੱਖੇ ਜਾਣ ਇਸ ਮੌਕੇ ਰਜੇਸ਼ ਲਹੋਰੀਆ ਤੋਂ ਇਲਾਵਾ ਹੀਰਾ ਲਾਲ ਵੱਸਣ ਦੇਵ ਰਾਜ ਜੀ ਮੋਹਨ ਲਾਲ ਜੀ ਬੱਬਲ ਜੰਗਰਾਲ ਅਤੇ ਅੰਕੁ ਗੁਰਦਾਸਪੁਰ ਮਜੂਦ ਸਨ

# ਦਿੱਲੀ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਨੀਤੀਆਂ 'ਤੇ ਮੋਹਰ ਲਗਾਈ : ਹੀਰਾ ਵਾਲੀਆ

## ਦਿੱਲੀ ਦੀ ਜਿੱਤ 'ਤੇ ਬਟਾਲਾ ਵਿਚ ਭਾਜਪਾ ਨੇ ਮਨਾਇਆ ਜਸ਼ਨ



ਬਟਾਲਾ, 8 ਫਰਵਰੀ (ਬਲਦੇਵ ਸਿੰਘ ਖਾਲਸਾ/ਸੁਨੀਲ ਕੁਮਾਰ ਬਟਾਲਵੀ) - ਦਿੱਲੀ ਵਿਚ ਅਰਵਿੰਦ ਕੇਜਰੀਵਾਲ ਸਮੇਤ ਆਮ ਆਦਮੀ ਪਾਰਟੀ ਦੇ ਦਿੱਗਜ ਆਗੂਆਂ ਦੀ ਕਰਾਰੀ ਹਾਰ ਅਤੇ ਭਾਜਪਾ ਦੀ ਹੋਈ ਇਤਿਹਾਸਕ ਜਿੱਤ 'ਤੇ ਬਟਾਲਾ ਵਿਚ ਜਿਲਾ ਪ੍ਰਧਾਨ ਹੀਰਾ ਵਾਲੀਆ ਦੀ ਅਗਵਾਈ ਹੇਠ ਭਾਜਪਾ ਆਗੂਆਂ ਨੇ ਆਤਿਸ਼ਬਾਜੀ ਕਰਕੇ ਅਤੇ ਲੱਡੂ ਵੰਡ ਕੇ ਜਸ਼ਨ ਮਨਾਇਆ। ਇਸ ਮੌਕੇ ਗੱਲਬਾਤ ਕਰਦਿਆਂ ਭਾਜਪਾ ਦੇ ਜਿਲਾ ਪ੍ਰਧਾਨ ਹੀਰਾ ਵਾਲੀਆ ਨੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀਆਂ ਨੀਤੀਆਂ ਉਪਰ ਮੋਹਰ ਲਗਾ ਕੇ ਦਿੱਲੀ ਦੀ ਸਰਕਾਰ ਭਾਜਪਾ ਨੂੰ ਸੌਂਪੀ ਹੈ ਜਿਸ ਲਈ ਅਸੀਂ ਦਿੱਲੀ ਦੇ ਲੋਕਾਂ ਦੇ ਅਤੇ ਭਾਜਪਾ ਦੇ ਵਰਕਰਾਂ ਦੇ ਹਮੇਸ਼ਾ ਰਿਣੀ ਰਹਾਂਗੇ। ਹੀਰਾ ਵਾਲੀਆ ਨੇ ਅੱਗੇ ਕਿਹਾ ਕਿ ਭਾਜਪਾ ਵਰਕਰਾਂ ਨੇ ਦਿਨ ਰਾਤ ਇਕ ਕਰਕੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦਾ ਸੁਨੇਹਾ ਘਰ ਘਰ ਪਹੁੰਚਾਇਆ ਜਿਸ ਸਦਕਾ 27 ਸਾਲਾਂ ਬਾਅਦ ਭਾਜਪਾ ਦੀ ਬਹੁਮਤ ਵਾਲੀ ਸਰਕਾਰ ਬਣੀ। ਹੀਰਾ ਵਾਲੀਆ ਨੇ ਅੱਗੇ ਕਿਹਾ ਕਿ ਦਿੱਲੀ ਦੇ ਲੋਕਾਂ ਨੇ ਆਪ-ਮੁਹਾਰੇ ਕੱਟੜ ਇਮਾਨਦਾਰ ਅਖਵਾਉਣ ਵਾਲੇ ਅਰਵਿੰਦ ਕੇਜਰੀਵਾਲ ਦਾ ਚਿਹਰਾ ਦਿੱਲੀ 'ਚ ਲੋਕਾਂ ਸਾਹਮਣੇ ਨੰਗਾ ਹੋ ਗਿਆ ਹੈ। ਹੁਣ ਪੰਜਾਬ ਦੇ ਲੋਕ ਵੀ ਇਸ ਪਾਰਟੀ ਨੂੰ ਦਿੱਲੀ ਵਾਂਗ ਹੀ ਸੱਤਾ ਤੋਂ ਬੇਦਖਲ ਕਰਨ ਲਈ ਬੇਤਾਬ ਹਨ। ਜੇਕਰ ਅੱਜ ਪੰਜਾਬ ਵਿੱਚ ਚੋਣਾਂ ਹੋ ਜਾਣ ਤਾਂ ਜਿਸ ਤਰਾਂ ਦਿੱਲੀ ਦੇ ਲੋਕਾਂ ਨੇ 'ਝਾੜੂ' ਤੀਲਾ ਤੀਲਾ ਕੀਤਾ ਹੈ ਉਸੇ ਤਰਾਂ ਪੰਜਾਬ ਅੰਦਰ ਵੀ ਝਾੜੂ ਦਾ ਸਫਾਇਆ ਹੋ ਜਾਵੇਗਾ। ਇਸ ਮੌਕੇ ਗੱਲਬਾਤ ਕਰਦਿਆਂ ਭਾਜਪਾ ਆਗੂ ਰਵੀਕਰਨ ਸਿੰਘ ਕਾਹਲੋਂ ਨੇ ਕਿਹਾ ਕਿ ਆਮ ਆਦਮੀ ਪਾਰਟੀ ਭ੍ਰਿਸ਼ਟਾਚਾਰ ਨੂੰ ਮੁੱਦਾ ਬਣਾ ਕੇ ਦਿੱਲੀ ਦੀ ਸੱਤਾ ਵਿੱਚ ਆਈ ਸੀ, ਪਰ ਮੁੱਖ ਮੰਤਰੀ ਕੇਜਰੀਵਾਲ ਸਮੇਤ ਇਸ ਦੇ ਕਈ ਸੀਨੀਅਰ ਮੰਤਰੀ ਭ੍ਰਿਸ਼ਟਾਚਾਰ ਦੇ ਦੋਸ਼ਾਂ ਵਿੱਚ ਮਹੀਨਿਆਂ ਤੋਂ ਸਾਲਾਂ ਤੱਕ ਸਜ਼ਾ ਭੁਗਤ ਚੁੱਕੇ ਹਨ। ਪੰਜਾਬ ਵਿੱਚ ਵੀ 'ਆਪ' ਪਾਰਟੀ ਨੇ ਝੂਠ ਬੋਲ ਕੇ ਸੱਤਾ ਤਾਂ ਹਾਸਲ ਕੀਤੀ ਹੈ ਪਰ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਨਹੀਂ ਕੀਤੇ। ਇਸ ਮੌਕੇ ਗੱਲਬਾਤ ਕਰਦਿਆਂ ਸਾਬਕਾ ਵਿਧਾਇਕ ਬਲਵਿੰਦਰ ਸਿੰਘ ਲਾਡੀ ਨੇ ਕਿਹਾ ਕਿ ਪੰਜਾਬ ਅੱਜ ਨਸ਼ਿਆਂ, ਮਾਫੀਆ, ਗੈਂਗਸਟਰਾਂ ਅਤੇ ਚੋਰੀਆਂ, ਡਕੈਤੀਆਂ, ਲੁੱਟਾਂ-ਖੋਹਾਂ ਅਤੇ ਕਤਲਾਂ ਦੀ ਮਾਰ ਝੱਲ ਰਿਹਾ ਹੈ। ਇਸ ਮੌਕੇ ਉਹਨਾਂ ਨੇ ਭਾਜਪਾ ਵਰਕਰਾਂ ਨੂੰ ਜਿੱਤ ਦੀ ਵਧਾਈ ਦਿੱਤੀ। ਇਸ ਮੌਕੇ ਭੂਸਣ ਬਜਾਜ, ਰੋਸਨ ਲਾਲ, ਸਕਤੀ ਸਰਮਾ, ਅੰਬਿਕਾ ਖਾਨਾ, ਸੁਵਿੰਦਰ ਸਿੰਘ ਖਹਿਰਾ, ਬਿਕਰਮਜੀਤ ਸਿੰਘ ਰੰਧਾਵਾ, ਸੁਰਿੰਦਰ ਕੁਮਾਰ, ਸੰਦੀਪ ਆਜਾਦ, ਪੰਕਜ ਸਰਮਾ, ਰੋਹਿਤ ਸੈਲੀ, ਵਿਜੇ ਮੱਟੂ, ਸੂਰਜ ਸੂਰੀ, ਅਮਨਜੋਤ ਸਿੰਘ, ਸ੍ਰੀ ਕਾਂਤ ਸਰਮਾ, ਅਨਿਲ ਭੱਟੀ, ਅੰਮ੍ਰਿਤ ਪਾਲ ਸਿੰਘ, ਮਨੋਜ ਨਈਅਰ, ਗਣੇਸ ਕੁਮਾਰ, ਵਿਜੇ ਕੁਮਾਰ, ਜਸਪਾਲ ਸਿੰਘ, ਰਣਜੀਤ ਸਿੰਘ, ਹਰਦੀਪ ਸਿੰਘ, ਪਿਆਰਾ ਲਾਲ, ਵਿਜੇ ਭਾਟੀਆ, ਰੇਖਾ ਡਡਵਾਲ, ਵਰੁਣ, ਕੰਚਨ ਚੌਹਾਨ, ਅਮਿਤ ਚੀਮਾ ਆਦਿ